ਡੰਗ ਮਾਰਦੇ। ਦੇਖਕੇ ਸ਼ਕਾਰ ਸ਼ੇਰ ਮਾਰੇ ਛਾਲ ਨੂੰ। ਰੰਗ ਹੈ ਸੁਰਖ ਮਾਤ ਕਰੇ ਲਾਲ ਨੂੰ। ਚਾਲ ਚਲੇ ਸੋਹਣੀ ਜੈਸੇ ਮੋਰ ਚਲਦਾ। ਦੇਖਕੇ ਸ਼ਕਲ ਕਾਲਜਾ ਸੀ ਹਲਦਾ। ਭੱਜ ਜਾਵੇ ਮਛੀ ਪਏ ਦੇਖ ਜਾਲ ਨੂੰ। ਰੰਗ ਹੈ ਸੁਰਖ ਮਾਤ ਕਰੇ ਲਾਲ ਨੂੰ। ਮੁਖੜਾ ਮਤਾਬ ਅਖੀ ਹੈ ਕਟਾਰੀ ਜੀ। ਦੰਦ ਸੁਚੇ ਮੋਤੀ ਕਜਲੇ ਦੀ ਧਾਰ ਜੀ। ਪਹਿਨ ਕੇ ਪੁਸ਼ਾਕ ਜਦੋਂ ਚਲੇ ਚਾਲ ਨੂੰ। ਰੰਗ ਹੈ ਸੁਰਖ ਮਾਤ ਕਰੇ ਲਾਲ ਨੂੰ। ਰੇਨ ਦੀ ਕਮੀਜ ਦਾ ਕੀ ਦਸਾਂ ਹਾਲ ਮੈਂ। ਲਿਖਾਂ ਜੇ ਬਿਆਨ ਮੁਕੇ ਇਕ ਸਾਲ ਮੇਂ। ਕੰਮ ਸਾਰਾ ਪੈਂਦਾ ਫਾਰਸੀ ਜ਼ੁਬਾਨ ਨੂੰ। ਰੰਗ ਹੈ ਸੁਰਖ ਮਾਤ ਕਰੇ ਲਾਲ ਨੂੰ। ਤਖਤ ਲਾਹੌਰੀ ਛਾਤੀ ਦੇਖ ਰੇਨ ਦੀ। ਸੁਥਣ ਜਰਾਬ ਗੁਰਗਾਬੀ ਚੰਮ ਦੀ। ਜਾਣੀਏ ਕੀ ਅਸੀ ਇਨਾ ਦੇ ਹੁਵਾਲ ਨੂੰ। ਰੰਗ ਹੈ ਸੁਰਖ ਮਾਤ ਕਰੇ ਲਾਲ ਨੂੰ। ਕਾਲਾ ਬਾਣਾ ਦੇਖ ਲੌ ਤੁਮਾਮ ਰਖਦੀ। ਨੀਵੇਂ ਸਿਰ ਨਾਲ ਬਹੁਤ ਹਛੋ ਸਜਦੀ। ਮਥਾ ਹੈ ਨੂਰਾਨੀ ਸੀਨਾ ਸਾਰ ਸਾਲ ਨੂੰ। ਰੰਗ ਹੈ ਸੁਰਖ ਮਾਤ ਕਰੇ ਲਾਲ ਨੂੰ। ਛਡਣੇ ਨੂੰ ਮੁਲਖ ਦਿਲ ਨਹੀਂ ਕਰਦਾ। ਦਿਲ ਮੇਂ ਖਿਆਲ ਫੇਰ ਆਵੇ ਘਰਦਾ। ਮੀਤਾ ਸਿੰਘ ਸਿਰ ਉਤੇ ਦੇਖ ਕਾਲ ਨੂੰ। ਰੰਗ ਹੈ ਸੁਰਖ ਮਾਤ ਕਰੇ ਲਾਲ ਨੂੰ॥

ਬੈਂਤ॥ ਨਾਰੀ ਸੋਹਣੀ ਰੂਪ ਸ਼ੀਰਾਜ਼ ਵਾਲੀ ਹੁਸਨ ਸਿਫਤ ਦੀ ਬਾਹਰ ਬਿਆਨ ਵਿਚੋਂ। ਬਾਰਾਂ ਬਰਸ ਦੀ ਉਮਰ ਜੁਵਾਨ ਨਢੀ ਸਰੂ ਕਦ ਲੰਮਾਂ ਬੋਸਤਾਨ ਵਿਚੋਂ। ਗੋਰਾ ਮੁਖ ਸੋਹਣਾ ਚੰਦ ਚੌਧਵੀਂ ਦਾ ਆਇਆ ਸਤਵੇਂ

ਠੀਕ ਅਸਮਾਨ ਵਿਚੋਂ । ਹਬਸ਼ੀ ਖਾਲਰੁਖਸਾਰ ਦਾ
ਮਲ ਬੈਠਾ ਖਿੱਚ ਭਵਾਂ ਤਲਵਾਰ ਮਿਆਨ ਵਿਚੋਂ ॥
ਗੱਲ੍ਹਾਂ ਸੇਬ ਕਸ਼ਮੀਰ ਦਾ ਰੰਗ ਭਰਿਆ ਪਲਕਾਂ
ਤਿਖੀਆਂ ਤ਼ੀਰ ਕਮਾਂਨ ਵਿਚੋਂ । ਮਥਾ ਗੋਲ ਬਦਖਸ਼ਾਂ
ਦੀ ਸ਼ਕਲ ਵਾਗੂੰ ਚੇਹਰਾ ਦਮਕਦਾ ਹੁਸਨ ਦੀ ਕਾਂਨ ਵਿਚੋਂ ।
ਅੱਖਾਂ ਸੋਹਣੀਆਂ ਵਾਂਗ ਮਮੋਲਿਆਂ ਦੇ ਮਿੱਠੇ ਬੋਲ ਦੀ ਸੁਖਨ
ਜ਼ੁਬਾਂਨ ਵਿਚੋਂ । ਹੋਠ ਨਰਮ ਅੰਗੂਰ ਮਸਾਲ ਦੋਵੇਂ ਦਾਣੇ
ਦੰਦ ਅਨਾਰ ਸੀਲਾਨ ਵਿਚੋਂ ; ਜ਼ੁਲਫਾਂ ਕਾਲੀਆਂ ਟਿੱਡੀਆਂ
ਨਾਗ ਕਾਲੇ ਜ਼ੈਹਰੀ ਗਜ਼ਬ ਦੇ ਡੰਗ ਚਲਾਂਨ ਵਿਚੋਂ । ਹੈਸੀ
ਮੋਹਣੀਆਂ ਯਾ ਅਪਛਰਾਂ ਓਹਆਈ ਇੰਦ੍ਰ ਦੇ ਚਲ ਦੀਵਾਨ
ਵਿਚੋਂ । ਲੰਮੀ ਗੁਤ ਲਮਕੇ ਸ਼ੇਸ਼ ਨਾਗ ਵਾਗੂੰ ਲੈਂਦੀ ਆਸ਼ਕਾਂ
ਦੀ ਕਢ ਜਾਨ ਵਿਚੋਂ । ਸੋਹਣੀ ਧੌਣ ਕਬੂਤਰੀ ਵਾਂਗ ਹੈਸੀ
ਠੋਡੀ ਠੀਕ ਬਦਾਮ ਦੁਕਾਨ ਵਿਚੋਂ । ਛਾਤੀ ਸਾਫ ਸੰਖ ਮਰ
ਮਰੀ ਫਰਸ਼ ਕੋਲੋਂ ਗੋਲ ਉਬਰੇ ਦੋ ਪਿਸਤਾਂਨ ਵਿਚੋਂ ।
ਨਰਮ ਸਾਫ ਦੋਵੇਂ ਪੇੜ ਮਖਣਾਂ ਦੇ ਸੇਹ ਫਲ ਆਇ ਜਿਵੇਂ
ਮੁਲਤਾਂਨ ਵਿਚੋਂ । ਨਹੀਂ ਉਂਗਲੀ ਸਿਫਤ ਦਰਕਾਰ ਏਥੇ
ਪੈਰ ਕਢਲੈ ਏਸ ਘੁਮਸਾਨ ਵਿਚੋਂ । ਠਾਠਾਂ ਮਾਰਦਾ ਸ਼ਾਹ
ਦਰਯਾ ਅੱਗੇ ਬਚੇ ਕੋਈ ਨਾ ਏਸ ਤੁਫਾਨ ਵਿਚੋਂ । ਜਾ ਓਹ
ਪਦਮਣੀ ਹਸਤਣੀ ਚਿਤਰਨੀ ਸੀ ਪਰੀ ਉੜ ਆਈ
ਪਰਿਸਤ਼ਾਨ ਵਿਚੋਂ । ਜਾਂ ਓਹ ਸੰਗਲਾਦੀਪ ਦੀ ਨਾਰ ਹੈਸੀ
ਹੋਵੇ ਸਿਫਤ ਨਾ ਓਦੀ ਦਸਤਾਨ ਵਿਚੋਂ । ਜਾਂ ਓਹ ਭਰ
ਗਲਾਸ ਫੜਾਂਵਦੀ ਸੀ ਖਿਚ ਆਸ਼ਕਾਂ ਦੀ ਲੈਂਦੀ ਜਾਨ

ਵਿਚੋਂ । ਬੜੇ ਬੜੇ ਫਕੀਰ ਔਤਾਰ ਹੋਏ ਕੇੜ੍ਹਾ ਬਚਿਆ ਇਸ਼ਕ ਮਦਾਨ ਵਿਚੋਂ । ਗੁਲਬੂ ਮੇਹਜਰੀ ਆਪ ਤੁੜਾ ਦਿਤੀ ਸੁਬਕਨ ਨਿਕਲੀ ਨਹੀਂ ਮਕਾਨ ਵਿਚੋਂ । ਰੋਜ ਵਕਤ ਫੇਰ ਸ਼ਾਂਮਦੇ ਜਾਂਵਦਾਸੀ ਪਿਆਲਾ ਮੰਗਦਾ ਨਿਤ ਸੀ ਜਾਮ ਵਿਚੋਂ । ਹਾਲ ਔਰਤਾਂ ਦਾ ਛੰਦ ਲਿਖਨਾ ਹਾਂ ਜਰਾ ਸਮਝਨਾ ਲਾ ਧਿਆਨ ਵਿਚੋਂ । ਦਸ ਅਗੇ ਦਾ ਹਾਲ ਤੂੰ ਸੰਤਸਿੰਘਾ ਕੀ ਫਾਇਦਾ ਸਿਰ ਖਪਾਂਨ ਵਿਚੋਂ ॥

ਕੋਰੜਾਛੰਦ॥ ਦੇਖ ਲਈ ਸੀਰਾਜ ਵਿਚ ਹੋਰ ਚਾਲ ਜੀ । ਕਪੜਾ ਬਰੀਕ ਦਿਸੇ ਵਾਲ ਵਾਲ ਜੀ । ਦੇਖਕੇ ਹੁਸਨ ਦਿਲ ਨਹੀਂ ਧੀਰਜੀ । ਆਸ਼ਕਾਂ ਨੂੰ ਮਾਰ ਦੀਆਂ ਕਸ ਤੀਰ ਜੀ । ਪਾਇਕੇ ਪੁਸ਼ਾਕ ਚਲਦੀਆਂ ਚਾਲ ਜੀ । ਕਪੜਾ ਬਰੀਕ ਦਿਸੇ ਵਾਲ ਵਾਲ ਜੀ । ਦੇਖਿਆ ਤੁਮਾਮ ਕਦ ਸਰੂ ਬਾਗ ਦਾ । ਕਰਾਂ ਕੀ ਤਰੀਫ ਰੰਨ ਦੀ ਪੁਸ਼ਾਕ ਦਾ । ਮੋਤੀਆ ਗੁਲਾਬੀ ਸੂਹਾ ਰੰਗ ਲਾਲਜੀ । ਕਪੜਾ ਬਰੀਕ ਦਿਸੇ ਵਾਲ ਵਾਲ ਜੀ । ਤੇੜ ਉਤੇ ਰੇਸ਼ਮ ਤੁਮਾਮ ਰਖਦੀ । ਕੀਮਤੀ ਪੁਸ਼ਾਕ ਯਾਰੋ ਸਵਾ ਲਖਦੀ । ਪੁਤ ਵੰਨਜਾਰੇ ਦਾ ਪਰਖੇ ਲਾਲ ਜੀ । ਕਪੜਾ ਬਰੀਕ ਦਿਸੇ ਵਾਲ ਵਾਲ ਜੀ । ਰੇਸ਼ਮੀ ਰੁਮਾਲ ਜੇਬਾਂ ਵਿਚ ਪਾਏ ਸੀ । ਛਾਤੀ ਉਤੇ ਸੇਹ ਫਲ ਪੱਕ ਆਏ ਸੀ । ਪਟੀਆਂ ਨੂੰ ਮੋਮ ਪਿਛੇ ਕਰੇ ਵਾਲਜੀ । ਕਪੜਾ ਬਰੀਕ ਦਿਸੇ ਵਾਲ ਵਾਲ ਜੀ । ਮਥਾ ਚੰਦ ਚੌਧਵੀਂ ਚਮਕ ਮਾਰਦਾ । ਅੱਖੀਆਂ ਦੇ ਵਿਚੋਂ ਤੀਰ ਵਜੇ ਸਾਰਦਾ । ਨਕ ਸੋਹਣਾਂ ਤਿਖਾ ਤਲਵਾਰ ਧਾਰ ਜੀ । ਕਪੜਾ ਬਰੀਕ ਦਿਸੇ

ਵਾਲ ਵਾਲ ਜੀ । ਗਲਾਂ ਦੇਖ ਲਾਲ ਮਾਤ ਲਾਲ ਹੋਗਿਆ। ਆਸ਼ਕਾਂਦੇ ਝੇੜੇ ਹਰ ਇਕਰੋਗਿਆ ।ਦੰਦ ਸੁਚੇਮੋਤੀਆਂ ਦੀ ਧਰੀ ਪਾਲ ਜੀ। ਕਪੜਾ ਬਰੀਕ ਦਿਸੇ ਵਾਲ ਵਾਲ ਜੀ। ਬੋਲਦੀ ਬਰੀਕ ਤਾਰ ਜਿਓ ਸਤਾਰ ਦੀ । ਖੜੀ ਹੋਕੇ ਆਸ਼ਕਾਂ ਨੂੰ ਡੰਗ ਮਾਰਦੀ। ਬੁਲ੍ਹ ਹੈ ਸੁਰਖ ਚਬੇ ਪਾਂਨ ਲਾਲ ਜੀ। ਕਪੜਾ ਬਰੀਕ ਦਿਸੇ ਵਾਲ ਵਾਲ ਜੀ । ਸੋ ਹੋਏ ਲਾਲ ਕਾਬਲ ਕੰਧਾਰ ਦੇਨਖਰੇ ਕੀ ਦਸਾਂ ਸੁਬਕਾਨ ਨਾਰ ਦੇ। ਮੋਰਨੀ ਦੇ ਵਾਂਗ ਸੋਹਣੀ ਚੱਲੇ ਚਾਲ ਜੀ।ਕਪੜਾ ਬਰੀਕ ਦਿੱਸੇ ਵਾਲ ਵਾਲ ਜੀ। ਗੁਲਾਬ ਸਿੰਘ ਘਰ ਰੋਜ ਏਦੇ ਜਾਂਵਦਾ। ਵਿਚ ਤਾ ਸ਼ੀਰਾਜ਼ ਮੇਜਰੀ ਤੁੜਾਂਵਦਾ। ਸੰਤਾ ਸਿੰਘ ਰੰਨਾਂ ਕੀਤਾ ਬੁਰਾ ਹਾਲ ਜੀ। ਕਪੜਾ ਬਰੀਕ ਦਿਸੇ ਵਾਲ ਵਾਲ ਜੀ॥

॥ ਕੋਰੜਾ ਛੰਦ ॥

ਸਾਰਾ ਹੀ ਮੁਲਖ ਨਾਰੀਆਂ ਥੋਂ ਹਾਰਿਆ। ਛਡਦੇ ਖਿਆਲ ਇਨਾ ਦਾ ਪਿਆਰਿਆ। ਪੀਰਤੇ ਫਕੀਰ ਬਹੁਤ ਮਾਰੇ ਨਾਰੀਆਂ। ਛਡ ਦੀਆਂ ਮੂਲ ਨਹੀਂ ਹੈਂਸਿ ਆਰੀਆਂ। ਛੁਰਿਆਂ ਦੀ ਜਾਈ ਬੁਗਾ ਮਲ ਮਾਰਿਆ । ਸੋਹਣੀ ਪਿਛੇ ਮੰਗੂ ਮਹੀਂਵਾਲ ਚਾਰਿਆ । ਠਾਰਾਂ ਖੂੰਣੀ ਕੈਰਮਾਂ ਕਟਕ ਮਾਰੀਆਂ। ਛਡ ਦੀਆਂ ਮੂਲ ਨਹੀ ਹੈਂਸ ਆਰੀਆਂ । ਜੰਮਕੇ ਜੁਲੇਖਾਂ ਦਸਕੀ ਖਟਿਆ । ਸੂਪਨਖਾ ਡੋਲੀ ਫੇਰ ਨਕ ਕਟਿਆ । ਪੁਤ੍ਰ ਖਿਡਾਏ ਅੰਦਨੀ ਕੁਮਾ-ਰੀਆਂ। ਛਡ ਦੀਆਂ ਮੂਲ ਨਹੀਂ ਹੈਂ ਸਿਆਰੀਆਂ। ਸੁੰਦਰਾਂ ਨਾ ਦੇਖਿਆ ਸੀ ਮੁਖ ਯਾਰਦਾ। ਹੀਰ ਪਿਛੇ ਰਾਂਜਾ ਮਝੀਆਂ

ਸੀ ਚਾਰਦਾ । ਮਨਸੂਰ ਸੂਲੀ ਚਾੜ੍ਹਿਆ ਸੀ ਫੇਰ ਨਾਰੀਆਂ। ਛਡ ਦੀਆਂ ਮੂਲ ਨਹੀਂ ਹੈਂਸ ਹਾਰੀਆਂ । ਚੀਰਿਆ ਪਹਾੜ ਫਰਿਹਾਦ ਜਾਇਕੇ। ਰਾਵਣ ਬੈਠਾ ਲੰਕਾ ਸੋਨੇਦੀ ਲੁਟਾਇਕੇ । ਸਤ ਤਾਲ ਛੇਦ ਡਾਰਿਆ ਸੀ ਨਾਰੀਆਂ। ਛਡ ਦੀਆਂ ਮੂਲ ਨਹੀਂ ਹੈਂਸਿਹਾਰੀਆਂ। ਨਾਰ ਪਿਛੇ ਇੰਦ੍ਰ ਲਿਆ ਸਰਾਪ ਜੀ । ਸਿੰਗੀ ਰਿਖ ਜਿਹਾਂ ਦੀ ਭੁਲਾਈ ਮਾਤ ਜੀ । ਹਰਨਾਕਸ਼ ਨੂੰ ਪਾੜ ਮਾਰਿਆ ਸੀ ਨਾਰੀਆਂ। ਛਡਦੀਆਂ ਮੂਲ ਨਹੀਂ ਹੈਂਸਿਹਾਰੀਆਂ। ਰਾਜਾ ਭੋਜ ਘੋੜਾ ਔਰਤਾਂ ਬਨਾਇਆ ਸੀ । ਬੇਦ ਤੇ ਬਿਆਸ ਪੰਡਤ ਭੁਲਾਇਆ ਸੀ । ਵਿਚ ਤਾਂ ਝਨਾ ਰਾਤ ਲੈਣ ਤਾਰੀਆਂ। ਛਡਦੀਆਂ ਮੂਲ ਨਹੀਂ ਹੈਂਸਿਹਾਰੀਆਂ। ਰਾਵਣ ਜੈਸੇ ਮੋਏ ਦਸੋ ਦਿਸ਼ਾ ਹਾਰਿਆ। ਸੁਲੇਮਾਨ ਭਠ ਝੋਕਦਾ ਪਿਆਰੀਆਂ। ਜਲਾਲੀ ਪਿਛੇ ਬੋਲੀਆਂ ਰੋੜੇ ਸਹਾਰੀਆਂ। ਛਡਦੀਆਂ ਮੂਲ ਨਹੀਂ ਹੈਸਿਹਾਰੀਆਂ । ਬਾਲੀ ਦੀ ਗੁਵਾਈ ਜਿੰਦ ਫੇਰ ਨਾਰੀਆਂ। ਬੜੇ ਦੁਖ ਪਾਏ ਸਿਧ ਜੀ ਉਤਾਰੀਆਂ। ਦੁਲੇ ਨੇ ਵੀ ਫੇਰ ਪਿੰਡੀਆਂ ਉਜਾੜੀਆਂ । ਛਡਦੀਆਂ ਮੂਲ ਨਹੀਂ ਹੈਂਸਿਹਾਰੀਆਂ। ਰਾਜਾ ਸਲਵਾਨ ਨਾਰੀਆਂ ਭੁਲਾਈਆਂ ਸੀ। ਭਰਥਰੀ ਫਕੀਰ ਨਾਰੀਆਂ ਬਨਾਇਆ ਸੀ । ਖੀਵੇ ਦੀ ਗੁਵਾਈ ਪਤ ਫੇਰ ਨਾਰੀਆਂ। ਛਡਦੀਆਂ ਮੂਲ ਨਹੀਂ ਹੈਂਸਿਆਰੀਆਂ ॥ ਸ਼ਮਸਤਬਰੇਜ ਦੀ ਉਤਾਰੀ ਖੱਲ ਜੀ। ਕੌਲਾਂ ਦਾ ਰਸਾਲੂ ਬੂਹਾ ਬੈਠਾ ਮਲ ਜੀ । ਛਡਿਆ ਨਾ ਗੁਰੂ ਪੀਰ ਫੇਰ

ਨਾਰੀਆਂ। ਛਡਦੀਆਂ ਮੂਲ ਨਹੀਂ ਹੈਂਸ ਹਾਰੀਆਂ। ਦਰੋਪਤਾਂ ਨੇ ਫੇਰ ਪੰਜ ਵਾਰ ਪਾਏ ਸੀ। ਪੰਜ ਮੁਖ ਫੇਰ ਬਰਮਾਂ ਨੇ ਬਨਾਏ ਸੀ। ਸਾਰਾ ਸੰਸਾਰ ਕੈਦ ਕੀਤਾ ਨਾਰੀਆਂ। ਛਡਦੀਆਂ ਮੂਲ ਨਹੀਂ ਹੈਂਸ ਹਾਰੀਆਂ। ਬਲਾਂ ਵਿੱਚ ਫਿਰੇ ਸੱਸੀ ਧਾਹਾਂ ਮਾਰਦੀ। ਸੋਹਣੀ ਫਿਰੇ ਘੜਾ ਅਧੀ ਰਾਤ ਭਾਲਦੀ। ਧਾਰ ਤਲਵਾਰ ਨਾਲੋਂ ਤੇਜ ਨਾਰੀਆਂ। ਛਡਦੀਆਂ ਮੂਲ ਨਹੀਂ ਹੈਂਸਿਹਾਰੀਆਂ। ਸ਼ਾਤੀ ਪਾਕੇ ਸੋਹਣੀਂ ਮਹੀਂਵਾਲ ਮਾਰਿਆ। ਲੇਲੀ ਨੇ ਸਰੀਰ ਮਜਨੂੰ ਦਾ ਗਾਲਿਆ। ਲਿਖੇ ਵਿਧ ਮਾਤਾ ਨੇ ਸੰਜੋਗ ਨਾਰੀਆਂ। ਛਡਦੀਆਂ ਮੂਲ ਨਹੀਂ ਹੈਂਸਿ ਹਾਰੀਆਂ। ਨਾਰਾਂ ਜਦੋਂ ਜ਼ਿਦ ਅਪਣੀਆਂ ਤੇ ਆਉਂਦੀਆਂ। ਘਰ ਘਰ ਵਿਚ ਫੇਰ ਸੋਗ ਪਾਂਉਦੀਆਂ। ਬਦਸ਼ਾਹੀ ਹਾਰੀ ਫੇਰ ਏਨਾਂ ਨਾਰੀਆਂ। ਛਡ ਦੀਆਂ ਮੂਲ ਨਹੀਂ ਹੈਂਸਿਹਾਰੀਆਂ। ਨਾਰਾਂ ਪਿਛੇ ਕਈ ਰਾਜੇ ਪੁਤ੍ਰ ਵਢਦੇ। ਕਈ ਬਾਦਸ਼ਾਹ ਦੇਸ ਵਿਚੋਂ ਕਢਦੇ। ਗੁਸੇ ਵਿਚ ਬੋਲੀਆਂ ਕਰਈ ਮਾਰੀਆਂ। ਛਡਦੀਆਂ ਮੂਲ ਨਹੀਂ ਹੈਂਸਿ ਹਾਰੀਆਂ। ਨਾਰ ਪਿਛੇ ਲੰਕਾ ਰਾਵਣ ਲੁਟਾਈ ਜੀ। ਸਾਰੇ ਦੇਸ ਵਿਚ ਨਾਰੀ ਦੀ ਦੁਹਾਈ ਜੀ। ਮਿਰਜ਼ੇ ਦੀ ਜਾਂਨ ਜੀ ਗੁਵਾਈ ਨਾਰੀਆਂ। ਛਡਦੀਆਂ ਮੂਲ ਨਹੀਂ ਹੈਂਸਿ ਹਾਰੀਆਂ। ਨਾਰ ਪਿਛੇ ਅਕਬਰ ਦਿਤਾ ਮਾਰ ਜੀ। ਜੈਮਲ ਤੇ ਫਤਾ ਸਭ ਗਏ ਹਾਰ ਜੀ। ਰਾਜਿਆਂ ਦੇ ਉਤੇ ਕੀਤੀਆਂ ਸੁਵਾਰੀਆਂ॥ ਛਡਦੀਆਂ ਮੂਲ ਨਹੀਂ ਹੈਂਸਿ ਹਾਰੀਆਂ। ਨਾਰਾਂ ਪਾਸੋਂ ਸਾਰਾ ਜੀ ਜਗਤ ਹਾਰਿਆ।

ਭਰਥਰੀ ਫਕੀਰੀ ਦਾਸੀ ਭੇਸ ਧਾਰਿਆ । ਔਲੀਏ ਤੇ ਅੰਬੀਏ ਮਾਰੇ ਜੀ ਨਾਰੀਆਂ। ਛਡਦੀਆਂ ਮੂਲ ਨਹੀਂ ਹੈਂਸਿ ਹਾਰੀਆਂ। ਗੁਰੂ ਗੁਰੂ ਜਪ ਦਿਲੋਂ ਨਾ ਭੁਲਾਂਵਣਾਂ । ਸੰਤਾ ਸਿੰਘ ਫੇਰ ਨਾ ਜਹਾਨ ਆਂਵਣਾਂ। ਰਸੀਆਂ ਦੇ ਸੱਪ ਕਰ ਤੋਰੀਆਂ । ਛਡਦੀਆਂ ਮੂਲ ਨਹੀਂ ਹੈਂਸਿ ਹਾਰੀਆਂ ।

॥ ਦੋਹਿਰਾ ॥ ਖਹਿੜਾ ਛਡਕੇ ਨਾਰ ਦਾ ਦਸੀਂ ਕਾਮ ਦੀ ਚਾਲ। ਜਦੋਂ ਸਿਰ ਬੰਦੇ ਦੇ ਆਂਵਦਾ ਕਰਦਾ ਨਹੀਂ ਖਿਆਲ ਹੁਵਾਲ ਬੇਈਮਾਨ ਕਾਂਮ ਦਾ ॥ ਕੋਰੜਾ ਛੰਦ ॥ ਨਾਰੀਆਂ ਦੇ ਨਾਮ ਦੋਸ ਨਾ ਲਗਾਂਵਦਾ । ਕਾਮ ਦੇਵ ਸਾਰਿਆਂ ਤੇ ਜੋਰ ਪਾਂਵਦਾ। ਨਾਰੀਆਂ ਨੂੰ ਮੂਰਖਾਂ ਨੇ ਲਾਇਆ ਦੋਸ ਜੀ। ਜਿਨਾਂ ਨੂੰ ਜਹਾਨ ਵਿਚ ਨਹੀਂ ਹੋਸ ਜੀ । ਨਾਰੀਆਂ ਦੇ ਪੇਟੋਂ ਔਲੀਏ ਔਤਾਰ ਜੀ । ਨਾਰੀਆਂ ਤੇ ਦੇ ਪੇਟੋਂ ਪੰਡਿਤ ਵਿਚਾਰ ਜੀ।ਰਿਖੀ ਮੁੰਨੀ ਨਾਰੀਆਂਦੇ ਪੇਟੋਂ ਆਂਵਦਾ। ਕਾਮ ਦੇਵ ਸਾਰਿਆਂ ਤੇ ਜੋਰ ਪਾਂਵਦਾ। ਨਾਰੀਆਂ ਨੇ ਸਾਰਾ ਹੈ ਜਗਤ ਤਾਰਿਆ। ਕੌਲਾਂ ਰਾਂਨੀ ਸਤ ਕਰਕੇ ਵਖਾਲਿਆ। ਕਾਮ ਬੇਈਮਾਨ ਐਨਿਆਂ ਬਨਾਂਵਦਾ। ਕਾਮ ਦੇਵ ਸਾਰਿਆਂ ਤੇ ਜੋਰ ਪਾਂਵਦਾ। ਧ੍ਰੂ ਧ੍ਰੂ ਪੱਤ ਜੰਗਲਾਂ ਦੇ ਖਾਣ ਜੀ । ਓਹਵੀ ਕਾਮ ਪਾਸੋਂ ਕਿਥੇ ਭੱਜ ਜਾਂਣ ਜੀ। ਸਿੰਗੀ ਰਿਖ ਵੇਖੋ ਕੇਹ ਡੋਲ ਜਾਂਵਦਾ। ਕਾਮ ਦੇਵ ਸਾਰਿਆਂ ਤੇ ਜੋਰ ਪਾਂਵਦਾ। ਕਾਮ ਪਿਛੇ ਸੂਲੀ ਮਨਸੂਰਾ ਝਾਕਦਾ । ਪੂਤ੍ਰ ਗੁਵਾਇਆ ਸਲਵਾਨ ਲਾਖਦਾ । ਯੂਸਫ ਨੂੰ ਕਾਮ ਖੂਹ ਵਿਚ ਪਾਂਵਦਾ। ਕਾਮ ਦੇਵ ਸਾਰਿਆਂ ਤੇ ਜੋਰ ਪਾਂਵਦਾ ।

ਉਤਪਤ ਕੀਤਾ ਸੰਨਸਾਰ ਨਾਰੀਆਂ। ਹੋਈਆਂ ਬਦਨਾਮ ਜਗਤੇ ਵਿਚਾਰੀਆਂ। ਮੂਰਖਾਂ ਨੂੰ ਕੁਛਨਾ ਖਿਆਲ ਆਂਵਦਾ। ਕਾਂਮ ਦੇਵ ਸਾਰਿਆਂ ਤੇ ਜ਼ੋਰ ਪਾਂਵਦਾ। ਅਖੀਆਂ ਦੇ ਅਗੇ ਮਨੀ ਜਦੋਂ ਛਾਂਵਦੀ। ਤਾੜੀ ਤਾਂ ਸਮਾਧੀ ਸਬ ਭੁੱਲ ਜਾਂਵਦੀ। ਫੇਰ ਉਠ ਜੰਗਲਾਂ ਸੇ ਸ਼ਹਿਰ ਪਾਂਵਦਾ। ਕਾਂਮ ਦੇਵ ਸਾਰਿਆਂ ਤੇ ਜ਼ੋਰ ਪਾਂਵਦਾ। ਕੇੜ੍ਹੇ ਕੇੜ੍ਹੇ ਆਦਮੀ ਦਾ ਲਿਖਾਂ ਨਾਮ ਜੀ। ਕਾਂਮ ਸ਼ਾਰਾ ਕ਼ਾਬੂ ਕਰਿਆ ਜਹਾਨ ਜੀ। ਸੰਤਾ ਸਿੰਘ ਇਕ ਤੋਟਕਾ ਬਨਾਂਵਦਾ। ਕਾਂਮ ਦੇਵ ਸਾਰਿਆਂ ਤੇ ਜ਼ੋਰ ਪਾਂਵਦਾ।

॥ ਤੋਟਕ ਛੰਦ ॥ ਕਰੋ ਤਰਕ ਸਭੀ ਇਸ ਕਾਂਮ ਕੋ। ਇਨ ਵਸ ਕੀਆ ਜ਼ਹਾਨ ਕੋ। ਯੇ ਫਿਰਤਾ ਰੈਹਾ ਔਤਾਰੋਂ ਮੇਂ। ਲੇ ਜਾਤਾ ਥਾ ਉਜਾੜੋਂ ਮੇਂ। ਯੇ ਪੀਰ ਪਿਰੀਬਰਛਲਤਾ ਹੈ। ਹਮ ਤੁਮਸੇ ਕੈਸੇ ਟਲਤਾ ਹੈ। ਯੇ ਛੜਤਾ ਔਰ ਨਾ ਚਾਰੇ ਸੇ। ਯੇ ਛੜਤਾ ਦੂਰ ਕਿਨਾਰੇ ਸੇ। ਫਿਰ ਇਸਕੋ ਦਿਲੋਂ ਭੁਲਾਓ ਤੁਮ। ਨਹੀਂ ਦੂਨਾ ਜ਼ਹਿਰ ਬੜ੍ਹਾਓ ਤੁਮ। ਜਿਨ ਚੇਟਕ ਕਾਂਮ ਲਗਾਇਆ ਹੈ। ਤਬ ਤਿਸਮੇਂ ਜ਼ਹਿਰ ਸਮਾਇਆ ਹੈ। ਯੇ ਕਾਂਮ ਆਖਰ ਕਾਂਮ ਹੈ। ਇਨ ਸਭ ਨੂੰ ਕੀਆ ਵਿਰਾਨਹੈ।ਜੋ ਭੋਗਤ ਨਾਰ ਬਿਗਾਨੀਕੋ।ਸਦ ਹੈਫ ਓਸਦੀ ਜ਼ਿੰਦਗਾਨੀ ਕੋ।ਜੋ ਸੁਨ ਕਰ ਕਰੈ ਕਨਾਰੇ ਕੋ।ਵੋਹ ਪਾਵੇ ਮੋਖ ਦੁਵਾਰੇ ਕੋ। ਏ ਦੋਜ਼ਕ ਕਾਂਮ ਲਿਜਾਤਾ ਹੈ। ਜਬ ਆਵੇ ਬਹੁਤ ਸਤਾਤਾ ਹੈ। ਜਿਸ ਬੰਦੇ ਦੇ ਵਿੱਚ ਜਾਤਾ ਹੈ। ਯੇ ਓਸ ਕੀ ਇਜਤ ਲਾਤਾ ਹੈ। ਯੇ ਰਹਤਾ ਆਪ ਬੇਜਾਤਾ ਹੈ। ਮੈਂ ਇਸਦਾ ਮਤਲਬ ਜਾਤਾ ਹੈ। ਯੇ ਅਪਨਾ

ਰੋਹਬ ਜਮਾਤਾ ਹੈ। ਸਿਰ ਮੂਰਖ ਕੇ ਚੜ ਜਾਤਾ ਹੈ । ਜੋ ਇਸ ਸੇ ਕਰੋ ਪਰੀਤੀ ਤੁਮ। ਤੋ ਜਲਦੀ ਲਹੋ ਪਲੀਤੀ ਤੁਮ। ਜੋ ਮਿਲਕੇ ਕਰੇ ਨਾਪਾਕ ਸਦਾ। ਤੁਮ ਡਾਰੋ ਇਸ ਸਿਰ ਖਾਕ ਸਦਾ। ਬੂ ਇਸ ਮੇਂ ਜਹਿਰ ਰੋਹ ਰੀਲੇ ਹੈਂ। ਕਈ ਨਰ ਏਸ ਨੇ ਕੀਲੇ ਹੈਂ । ਮੁਖੋਂ ਕਹਿੜਾ ਬਚਨ ਰਸੀਲੇ ਹੈਂ। ਕਈ ਫਸਤੇ ਜਾਣ ਰੰਗੀਲੇ ਹੈਂ। ਨਾ ਇਸ ਸੰਗ ਕਰੋ ਯਾਰੀ ਹੈ। ਏ ਦੇਵੜਾ ਹੈ ਕਾਰੀਰੇ। ਯੇ ਕਾਂਮ ਕਹਿਰ ਕਮਾਤਾ ਹੈ। ਬਹੁ ਜਨ ਕੋ ਨਰਕ ਲੇ ਜਾਤਾ ਹੈ । ਯੇ ਜਿਸ ਸੰਗ ਰਾਤ ਨਿਭਾਤਾ ਹੈ ! ਸੁਭੇ ਸਬ ਭੇਦ ਬਤਾਤਾ ਹੈ। ਯੇ ਰਖੇ ਧਰਮ ਨਾ ਦੀਨ ਕੋਈ। ਨਹੀਂ ਇਸਦਾ ਕੁਛ ਯਕੀਨ ਕੋਈ। ਮੂੰਹੋਂ ਕਹਿਤਾ ਦੇਰ ਨਾ ਲਾਤਾ ਹੈ । ਝਟ ਦਿਲ ਕਾ ਹਾਲ ਬਤਾਤਾ ਹੈ। ਜੋ ਤਰਫ ਇਸ ਕੇ ਆਤੇ ਹੈਂ। ਵੋਹ ਆਖਰ ਕੋ ਪਛਤਾਤੇ ਹੈਂ। ਇਸ ਸੈਤਾਂ ਕੇ ਸਤ ਤੋੜੇ ਹੈਂ। ਸ਼ਾਇਦ ਬਚੇ ਇਸ ਸੇ ਥੋੜੇ ਹੈਂ। ਏ ਰਾਵਨ ਰੌਸ਼ਨ ਜਾਨੇ ਹੈਂ। ਛਿਨ ਪਲਮੇਂ ਮਾਸ ਵਧਾਨੇ ਹੈਂ । ਏ ਆਖਰ ਅਬਨੀਕ ਅਰਕੋਂ ਕਾ। ਏ ਖਾਸ਼ ਮਾਲਕ ਨਰਕੋਂ ਕਾ । ਕਈ ਇਸ ਜਾ ਜੇਹਲ ਮੇਂ ਡਾਲੇ ਹੈਂ। ਕਿਸੇ ਅਗੇ ਨਰਕ ਦਿਖਾਲੇ ਹੈਂ। ਕਈ ਮਾਨਸ਼ ਭੁਏ ਅਜ਼ੁਰਦੇ ਹੈਂ । ਕਈ ਇਸਨੇ ਕੀਤੇ ਮੁਰਦੇ ਹੈਂ। ਜੋ ਵਰਤੇ ਹੈਂ ਨਿਤ ਬੀਨ ਇਸੇ। ਵੋਹ ਰੋਵਤੇ ਹੈਂ ਦਿਨ ਰੈਨ ਇਸੇ। ਏ ਕਾਂਮ ਸਬਸ ਨੂੰ ਖਾਤਾ ਹੈ। ਏ ਸ਼ਸਤਰ ਖੇੜ ਮੇਂ ਲਾਤਾ ਹੈ। ਮੈਤਾ ਸਿੰਘ ਕਬਿਤ ਬਨਾਤਾ ਹੈ । ਵਿਰ ਕਿਸੇ ਦੇ ਛਪਾਤਾ ਹੈ ॥ ਕਬਿਤ

ਨਾਰੀਆਂ ਨ ਹੋਣ ਤਾ ਜਹਾਨ ਸਾਰਾ ਮੁਕ ਜਾਵੇ ਨਾਰੀਆਂ ਬਗੈਰ ਕਿਥੋਂ ਹੋਣ ਅਵਤਾਰ ਜੀ। ਨਾਰੀਆਂ ਦੇ ਪੇਟੋਂ ਜਤੀ ਸਤੀ ਪਹਿਲਵਾਨ ਹੁੰਦੇ ਨਾਰੀਆਂ ਬਗੈਰ ਸਾਰਾ ਕਾਰਜ ਖੁਵਾਰ ਜੀ? ਨਾਰੀਆਂ ਨੂੰ ਨਿੰਦਦੇ ਨੇ ਮੂਰਖ ਗੁਵਾਰ ਲੋਕ ਨਾਰੀਆਂ ਦੇ ਪਿਛੇ ਸਭ ਬੜੇ ਹੈਂ ਸੰਸਾਰ ਜੀ। ਸੰਤਾ ਸਿੰਘ ਹਾਲ ਸਾਰਾ ਦਸਦੇ ਤੂੰ ਕਾਮ ਦਾ ਜੀ ਲਿਖਕੇ ਕਬਿਤ ਝਟ ਕਰਨੇ ਤਿਆਰ ਜੀ॥ ਕਬਿੱਤ॥ ਕਾਮ ਪਿਛੇ ਰਾਮ ਬਨਬਾਸ ਮੇਂ ਖੁਵਾਰ ਹੂਆ ਕਾਮ ਪਿਛੇ ਬੇਲੀ ਸੁਗਰੀਵ ਭਾਈ ਮਾਰਿਆ। ਕਾਮ ਪਿਛੇ ਧਾਰ ਰੂਪ ਨਾਰਦ ਨੇ ਲਿਆ ਫੇਰ ਕਾਮ ਪਿਛੇ ਰਾਵਨ ਨੇ ਚੋਲਾ ਗਲ ਭਾਰਿਆ। ਕਾਮ ਪਿਛੇ ਇੰਦਰ ਸਰਾਪ ਲਿਆ ਗੋਤਮਾਂ ਥੋਂ ਅਧੀ ਰਾਤ ਜਾਇਕੇ ਦੁਆਰਾ ਫੇਰ ਪਾੜਿਆ। ਕਾਮ ਪਿਛੇ ਲੱਖ ਜੁਧ ਹੋਇਨੇ ਸੰਤਾਸਿੰਘਾ ਪਾਂਡਵਾਂ ਨੇ ਝਟ ਫੇਰ ਧੁਸੋ ਨੂੰ ਵਿਸਾਰਿਆ॥ਕਬਿਤ॥ ਕਾਮ ਪਿਛੇ ਕਾਹਨ ਜੋ ਜਸੋਧਾਂ ਕੋਲੋਂ ਮਾਰਖਾਦੀ ਕਾਮ ਪਿਛੇ ਰਾਜੇ ਭੋਜ ਉਤੇ ਅਸਵਾਰੀਆਂ। ਕਾਮ ਪਿਛੋਂ ਕੌਲਾਂ ਜਤ ਰਖਿਆ ਪਰੇਮ ਨਾਲ ਕਾਮ ਪਿਛੇ ਕਰੀਆਂ ਰਸਾਲੂ ਨੇ ਖੁਵਾਰੀਆਂ। ਕਾਮ ਪਿਛੇ ਹੋਡੀ ਨੇ ਲਹਾਈ ਪਤ ਕੋਕਲਾਂ ਥੋਂ ਕਾਮ ਪਿਛੇ ਸਭ ਬਾਤਾਂ ਕੀਤੀਆਂ ਪਿਆਰੀਆਂ। ਕਾਮ ਦੇ ਹੀ ਪਾਸੋਂ ਰਬ ਰਖੇ ਪਤ ਸੰਤਾ ਸਿੰਘਾ ਰਾਜਿਆਂ ਦੇ ਨਾਲ ਕਾਮ ਕਰਦਾ ਖੁਵਾਰੀਆਂ।

ਕਬਿੱਤ॥ ਕਾਮ ਪਿੱਛੇ ਮਹੀਂਵਾਲ ਛੜਿਆ ਬੁਖਾਰੇ ਤਾਈਂ ਕਾਮ ਪਿਛੇ ਸੂਰੀਆਂ ਪਿਰੀਬਰਾ ਨੇ ਚਾਰੀਆਂ।

ਕਾਮ ਪਿਛੇ ਰਾਵਨ ਕਟਾਕੇ ਸੀਸ ਦਸ ਗਿਆ ਕਾਮ ਪਿਛੇ ਮੱਛੀਆਂ ਰੰਞੇਟੜੇ ਨੇ ਚਾਰੀਆਂ। ਕਾਮ ਦੇਹੀ ਪਿਛੇਤਕਲੀਫ ਪਾਈ ਪੂਰਨੇ ਨੇ ਛੁਰੀਆਂ ਕਟਾਰਾਂ ਉਤੇ ਦੇਹੀ ਦੇ ਸਹਾਰੀਆਂ। ਕਾਮ ਪਿਛੇ ਓਹ ਗਲਾਂ ਹੁੰਦੀਆਂ ਸੰਤਾ ਸਿੰਘਾ ਕਾਮ ਪਿਛੇ ਨਿੰਦਦੇ ਜਹਾਨ ਵਿਚ ਨਾਰੀਆਂ॥ ਕਬਿੱਤ ॥ ਮਿਰਜ਼ੇ ਦੇ ਨਾਲ ਕਾਮ ਕੀਤਾ ਕੀ ਉਜਾੜ ਵਿਚ ਕਾਮ ਪਿਛੇ ਕੀਮੀਆਂ ਨੇ ਬੇੜੀਆਂ ਸਹਾਰੀਆਂ। ਕਾਮ ਨੇ ਪੁਟਾਇਆ ਫਰਿਹਾਦ ਤੋਂ ਪਹਾੜ ਪਿਆਰੇ ਮਜਨੂੰ ਨੇ ਚੋਟਾਂ ਕਾਮ ਪਿਛੇ ਸੀ ਸਹਾਰੀਆਂ। ਕਾਮ ਪਿਛੇ ਨੌਟਰੀਆਂ ਦਾ ਭੁਗਾ ਮੋਯਾ ਮੋਰੀ ਵਿਚ ਜਾਦੂ ਕਾਮ ਪਾਇਆ ਗਊਆਂ ਕਾਹਨ ਨੇ ਸੀ ਚਾਰੀਆਂ। ਕਾਮ ਦੇ ਕੋਲੋਂ ਲੈ ਸ਼ਤਾਨ ਡਰੇ ਸੰਤਾ ਸਿੰਘਾ ਬਰਹਮਾ ਨੂੰ ਭੁਲਾਇਆ ਕਾਮ ਲਾਇਕੇ ਸਿੰਗਾਰੀਆਂ॥

ਦੋਹਰਾ ॥ ਇਸ ਬੰਦੇ ਦੀ ਸਜਨੋ ਦਸੀ ਸਬ ਕਰਤੂਤ। ਭਜਨ ਬਿਨਾ ਭਗਵਾਨ ਕੇ ਰਹੇ ਊਤ ਕਾ ਊਤ ॥ ਦੋਹਰਾ॥ ਵੀਰ ਪਿਆਰੇ ਸਜਣੋ ਸੁਣੋ ਹਮਾਰੀ ਬਾਤ। ਹਾਲ ਲਿਖਨ ਕੇ ਵਾਸਤੇ ਪਕੜੀ ਕਲਮ ਦੁਵਾਤ॥

ਮਾਰਚ ਮਹੀਨੇ ਦਾ ਹਾਲ ਸੰਨ ੧੯੧੨ ਸ਼ੀਰਾਜ਼ ਖੇਲ ਕਰਾਈ ਫੌਜ ਸੇ

ਕੋਰੜਾ ਛੰਦ ॥ ਮਾਰਚ ਮਹੀਨੇ ਦਾ ਵੀ ਹਾਲ ਦਸਦਾ। ਦਸੂੰ ਸਚੋ ਸਚ ਨਾ ਲੁਕਾ ਰਖਦਾ। ਦੇਖਨੇ ਨੂੰ ਸ਼ਹਿਰ ਫੇਰ ਆਵੇ ਆਮ ਜੀ। ਕੇੜੇ ਕੇੜੇ ਆਦਮੀ ਦਾ ਦਸਾਂ ਨਾਮ ਜੀ। ਇਕ ਬਾਤ ਫੇਰ ਮੈਨੂੰ ਯਾਦ ਆਈ ਸੀ। ਵਿਚ ਤਾਂ ਸ਼ੀਰਾਜ਼

ਸ਼ਰਤ ਕਰਾਈ ਸੀ। ਈਰਾਨੀਆਂ ਦਾ ਦਸੋ ਏਥੇ ਕੀ ਹੈ ਕਾਮ ਜੀ। ਕੇੜੇ ਕੇੜੇ ਆਦਮੀ ਦਾ ਦਸਾਂ ਨਾਮ ਜੀ। ਆਪ ਕਰਨੈਲ ਆਡਰ ਕਰਾਇਆ ਜੀ। ਕੋਤ ਦਫੇਦਾਰਾਂ ਸ਼ਾਮਨੂੰ। ਸੁਨਾਇਆ ਜੀ। ਦੇਖਣੇ ਨੂੰ ਸ਼ਹਿਰ ਆਂਵਦਾ ਤਮਾਮ ਜੀ। ਕੇੜੇ ਕੇੜੇ ਆਦਮੀ ਦਾ ਦਸਾਂ ਨਾਮ ਜੀ। ਵਰਜਸ਼ ਕਰੋਂ ਸ਼ਰਤਾਂ ਦੇ ਵਾਸਤੇ। ਆਖਦੇ ਜੁਵਾਨ ਖੇਲਣਾ ਕੀ ਆਸਤੇ। ਸ਼ਰਤਾਂ ਦੇ ਵਾਸਤੇ ਲਿਖੇ ਨੇ ਨਾਮ ਜੀ। ਕੇੜੇ ਕੇੜੇ ਆਦਮੀ ਦਾ ਦਸਾਂ ਨਾਮ ਜੀ। ਰਸੇ ਨੂੰ ਖਿਚਾ ਦੌੜਾਂ ਸੀ ਕਰਾਂਵਦੇ। ਫੇਰ ਜਾਕੇ ਛਾਲਾਂ ਸੀ ਜੁਵਾਨ ਲਾਂਵਦੇ। ਵਰਜਸ਼ ਕਰਦੇ ਨੇ ਰੋਜ ਸ਼ਾਮ ਜੀ। ਕੇੜੇ ੨ ਆਦਮੀਦਾ ਦਸਾਂ ਨਾਮਜੀ। ਸ਼ਹਿਰ ਵਿਚ ਫੇਰ ਖਬਰ ਹੋ ਜਾਂਵਦੀ। ਦੇਖਣੇ ਨੂੰ ਦੁਨੀਆਂ ਤਮਾਮ ਆਂਵਦੀ। ਸਾਡਾ ਰੋਜ ਰੋਜ ਰਹੇ ਏਹੋ ਕਾਮ ਜੀ। ਕੇੜੇ ਕੇੜੇ ਆਦਮੀ ਦਾ ਦਸਾਂ ਨਾਮ ਜੀ। ਨਜਦੀਕ ਸੇ ਹਟਾਏ ਜੀ ਪਿਛਹਾਂ ਆਨਕੇ। ਕਰਦੇ ਫਸਾਦ ਜੀ ਈਰਾਨੀ ਜਾਨਕੇ। ਪੱਥਰ ਚਲਾਏ ਸ਼ਹਿਰੀਆਂ ਨੇ ਆਮ ਜੀ। ਕੇੜੇ ਆਦਮੀ ਦਾ ਦਸਾਂ ਨਾਮ ਜੀ। ਸੂਰਮੇਂ ਜੁਵਾਨ ਫੇਰ ਪਏ ਧਾਇਕੇ। ਫੜ ਲੈ ਈਰਾਨੀ ਨਦੀ ਵਿੱਚ ਜਾਇਕੇ। ਈਰਾਨੀਆਂ ਦਾ ਸਿੰਘਾਂ ਤੋੜ ਦਿਤਾ ਮਾਨ ਜੀ। ਕੇੜੇ ਕੇੜੇ ਆਦਮੀ ਦਾ ਦਸਾਂ ਨਾਮ ਜੀ। ਖੇਤਾਂ ਵਿਚ ਡੇਰਾ ਲੈ ਜੁਵਾਨਾਂ ਜਾਇਕੇ। ਛੁਟਦੇ ਈਰਾਨੀ ਵਾਸਤੇ ਜੀ ਪਾਇਕੇ॥ ਕਪੜੇ ਜੁਵਾਨਾਂ ਲਾਹ ਲੈ ਤਮਾਮ ਜੀ। ਕੇੜੇ ਕੇੜੇ ਆਦਮੀ ਦਾ ਦਸਾਂ ਨਾਮ ਜੀ। ਸਾਰਿਆਂ ਨੇ ਕੰਮ ਕੀਤਾ ਜੀ ਬਨਾਇਕੇ। ਈਰਾਨੀਆਂ

ਨੂੰ ਘੇਰਦਾ ਜੁਵਾਨ ਜਾਇਕੇ। ਮੈਂਤਾ ਸਿੰਘ ਅਰੀ ਦਾ ਬਤਾਦੇ ਕਾਮ ਜੀ। ਕੇੜੇ ਆਦਮੀ ਦਾ ਦਸਾਂ ਨਾਮ ਜੀ ॥ ਕਬਿਤ ॥ ਅਨੂਪ ਸਿੰਘ ਚਲਿਆ ਤਿਆਰ ਹੋਕੇ ਝਟ ਪਟ ਪਾਸ ਕਰਨੈਲ ਹਾਲ ਦਸੇ ਸਾਰਾ ਜਾਇਕੇ। ਪੈਲੋ ਜੀ ਪਰੇਟ ਵਿਚ ਕਰਦੇ ਜੁਵਾਨ ਕੰਮ ਸ਼ਾਮ ਨੂੰ ਤਾਂ ਕਰਦੇ ਫਸਾਦ ਲੋਕ ਆਇਕੇ। ਰਸੇ ਦੇ ਨਜੀਕੋਂ ਪਰਾਂ ਆਖਦੇ ਸੀ ਜਾਓ ਤੁਸੀ ਦੇਕੇ ਤਾਂ ਜੋਰ ਫੇਰ ਗਲ ਪਏ ਆਇਕੇ। ਈਰਾਨੀਆਂ ਦੇ ਰੋਕਨੇ ਦਾ ਕਰੋਖਾਂ ਜਤਨ ਕੋਈ ਮੈਂਤਾ ਸਿੰਘ ਹਾਲ ਦਸੇ ਕੌਂਸਲ ਨੂੰ ਜਾਇਕੇ ॥ ਪਾਸ ਕਰਨੈਲ ਸਾਹਿਬ ਦੇ

ਸਰਦਾਰ ਅਨੂਪ ਸਿੰਘ ਨੇ ਹਵਾਲ ਦਸਣਾ

ਕੋਰੜਾ ਛੰਦ ॥ ਫੇਰ ਸਰਦਾਰ ਅਨੂਪ ਸਿੰਘ ਜਾਂਵਦਾ। ਪਾਸ ਕਰਨੈਲ ਹਾਲ ਜੀ ਸੁਨਾਂਵਦਾ। ਪਿਛੇ ਨਾ ਈਰਾਨੀ ਜੀ ਹਟਾਏ ਹਟਦੇ। ਵਾਸਤੇ ਫਸਾਦ ਦੇ ਪੱਥਰ ਚੱਕਦੇ। ਹੁੰਦਾ ਏ ਜੇ ਝੂਠ ਕਦੀ ਨਾ ਮੈਂ ਆਂਹਿਦਾ। ਪਾਸ ਕਰਨੈਲ ਹਾਲ ਜੀ ਸੁਨਾਂਵਦਾ। ਵਲ ਤਾਂ ਕਵਾਮ ਚਿਠੀ ਲਿਖੋ ਆਪ ਜੀ। ਸ਼ਹਿਰ ਨੂੰ ਕਵਾਮ ਰੋਕਦੇ ਸ਼ਤਾਬ ਜੀ। ਹੁੰਦਾ ਨੁਕਸਾਨ ਜੇ ਮੈਂ ਨਾ ਹਟਾਂਵਦਾ। ਪਾਸ ਕਰਨੈਲ ਹਾਲਜੀ ਸੁਨਾਂਵਦਾ। ਆਖੇ ਸਰਦਾਰ ਨੂੰ ਨਾ ਹੋ ਤੰਗ ਜੀ। ਕਲ ਤਾਂ ਤਮਾਮ ਸ਼ਹਿਰ ਹੋਏ ਬੰਦ ਜੀ। ਜੁਵਾਨਾਂ ਨੂੰ ਸੀ ਖੌਫ ਆਪ ਦਾ ਜੀ ਆਂਵਦਾ। ਪਾਸ ਕਰਨੈਲ ਹਾਲ ਜੀ ਸੁਨਾਂਵਦਾ। ਆਪ ਹਾਲ ਦੇਖ ਲੌ ਤਮਾਮ ਚਲ ਜੀ। ਨਹੀਂ ਤਾਂ ਚਿਠੀ ਵਲ ਤੂੰ ਕਵਾਮ ਘਲ ਜੀ। ਹੂੰਦੇ ਅਜ ਖੂੰਨ ਜੇ ਮੈਂ ਨਾ

ਹਟਾਵੰਦਾ । ਪਾਸ ਕਰਨੈਲ ਹਾਲ ਜੀ ਸੁਨਾਵੰਦਾ।ਵਰਜਸ਼ ਕਰਨੀਆਂ ਰੋਜ਼ ਕਾਰ ਜੀ । ਈਰਾਨੀਆਂ ਨੂੰ ਦੇਨਗੇਜੁਵਾਨ ਮਾਰ ਜੀ। ਫੇਰ ਸਰਦਾਰ ਸੀ ਹਟੈਰ ਆਵੰਦਾ । ਪਾਸ ਕਰਨੈਲ ਹਾਲ ਜੀ ਸੁਨਾਵੰਦਾ। ਫੇਰ ਮੁੜਆਇਆਸਰਦਾਰ ਭਜਕੇ । ਕਰਦਾ ਤਸਲੀ ਜੀ ਜੁਵਾਨ ਸਦਕੇ। ਕਰਨੈਲ ਲਿਖ ਚਿਠੀ ਸੰਤਰੀ ਭਜਾਵੰਦਾ। ਪਾਸ ਕਰਨੈਲ ਹਾਲ ਜੀ ਸੁਨਾਵੰਦਾ। ਲਿਖੀ ਕਰਨੈਲ ਚਿਠੀ ਜੀ ਬਨਾਇਕੇ। ਕੌਸਲ ਨੂੰ ਹਾਲ ਦਸਿਆ ਸੁਨਾਇਕੇ। ਸਾਰਾ ਸ਼ਹਿਰਵਿਚ ਹੈ ਪਰੇਟ ਆਵੰਦਾ। ਪਾਸ ਕਰਨੈਲ ਹਾਲ ਜੀ ਸੁਨਾਵੰਦਾ। ਕਵਾਮ ਪਾਸ ਜਾਕੇ ਹਾਲ ਜੀ ਸੁਨਾਵੰਦੇ। ਵਿਚ ਤਾਂ ਪਰੇਟ ਜੀ ਈਰਾਨੀ ਆਵੰਦੇ। ਫਸਾਦ ਸੰਤਾ ਸਿੰਘ ਅਜ ਦਾ ਮਿਟਾਵੰਦਾ। ਪਾਸ ਕਰਨੈਲ ਹਾਲ ਜੀ ਸੁਨਾਵੰਦਾ॥

ਦੋਹਰਾ॥ ਚਿਠੀ ਲਿਖੀ ਕਵਾਮ ਨੂੰ ਕੌਸਲ ਸਾਹਿਬਨੇ ਫੇਰ। ਠਾਣੇਦਾਰ ਤਾਂ ਭੇਜੋ ਸ਼ਾਮ ਨੂੰ ਕਰਨੀ ਮੂਲ ਨਾ ਡੇਰ॥

ਕੌਸਲ ਨੇ ਚਿਠੀ ਲਿਖਣੀ ਕਵਾਮ ਨੂੰ

ਕਬਿੱਤ॥ ਚਿਠੀ ਕੌਸਲ ਲਿਖਾਈ ਤਾਂ ਫੜਾਈ ਹਥ ਸੰਤਰੀ ਦੇ ਹੋਕੇ ਅਸਵਾਰ ਤਾਂ ਕਵਾਮ ਪਾਸਜਾਵਣਾ। ਫੌਜ ਅੰਗਰੇਜ਼ੀ ਕੰਮ ਕਰਦੀ ਪਰੇਟ ਵਿਚ ਕਿਸੇ ਨਾ ਈਰਾਨੀ ਪੈਰ ਮੂਲ ਓਥੇ ਪਾਵਣਾ। ਸ਼ਹਿਰ ਮੇਂ ਸੁਨਾਓ ਲਾਗੇ ਫੌਜ ਦੇ ਨਾ ਜਾਓ ਤੁਸੀਂ ਦੇਖਣਾ ਤਮਾਸ਼ਾ ਤੁਸਾਂ ਘੰਨੇ ਬੈਠ ਜਾਵਣਾ। ਚਿਠੀ ਕੋਸਲ ਫੜਾਈ ਤਾਂ ਸੁਨਾਈ ਬਾਤ ਸੰਤਰੀ ਨੂੰ ਮੁੜਕੇ ਜਵਾਬ ਸੰਤਾ ਸਿੰਘ ਨੂੰ ਸੁਨਾਵਣਾ॥

ਕੌਸਲ ਦੀ ਦਿਠੀ ਕਵਾਮ ਪਾਸ ਜਾਨੀ ਤਾਂ ਕਵਾਮ ਨੇ ਸ਼ਹਿਰ ਵਿਚ ਡਊਂਡੀ ਕਰਾਉਣੀ

ਕੋਰੜਾ ਛੰਦ ॥ ਕੌਸਲ ਨੇ ਦਿਠੀ ਲਿਖੀ ਜੀ ਕਵਾਮ ਨੂੰ । ਚਾਰ ਵਜੇ ਠਾਨੇਦਾਰ ਆਵੇ ਸ਼ਾਮ ਨੂੰ । ਫੌਜ ਅੰਗ੍ਰੇਜ਼ੀ ਪਾਸੋਂ ਨਹੀਂ ਡਰਦੇ । ਸ਼ਹਿਰ ਦੇ ਤਮਾਮ ਨੇ ਫਸਾਦ ਕਰਦੇ। ਸ਼ਹਿਰ ਵਿਚ ਹੁਕਮ ਹੂਆ ਤਮਾਮ ਨੂੰ । ਚਾਰ ਵਜੇ ਠਾਨੇ-ਦਾਰ ਆਵੇ ਸ਼ਾਮ ਨੂੰ ॥ ਠਾਂਨੇਦਾਰ ਯਹੂਦੀਆਂ ਦੇ ਰੋਕੂ ਨਾਮ ਨੂੰ। ਚਾਰ ਬਜੇ ਠਾਨੇਦਾਰ ਆਵੇ ਸ਼ਾਮ ਨੂੰ। ਉਸੇ ਵੇਲੇ ਹਾਲ ਸ਼ਹਿਰ ਮੇਂ ਸੁਨਾਇਆਸੀ । ਜਿਸ ਵੇਲੇ ਆਪਦਾ ਸੁਵਾਰ ਆਇਆਸੀ । ਪੜ੍ਹਕੇਤਾਂਹਾਲਦੇਖਿਆ ਪੈਗਾਮਨੂੰ। ਚਾਰਬਜੇ ਠਾਨੇਦਾਰ ਆਵੇ ਸ਼ਾਮ ਨੂੰ। ਕੋਈ ਨਾ ਈਰਾਨੀ ਜੀ ਨਾਜੀਕ ਆਊਗਾ। ਪੈਰ ਨਾ ਪਰੇਟਵਿਚ ਕੋਈ ਪਾਊਗਾ। ਤੁਸੀ ਕਾਹੇ ਕਾਰਨਾਫਿਕਰਕਰਨਾਪਰੇਟਵਿਚਕਿਸੇਨਾਈਰਾਨ ਵੜਨਾ। ਸਿਤਾਸਿੰਘ ਹਾਲ ਦਸਿਆ ਤਮਾਮ ਨੂੰ। ਚਾਰ ਬਜੇ ਠਾਨੇਦਾਰ ਆਵੇ ਸ਼ਾਮ ਨੂੰ ॥ ਕਬਿਤ ॥ ਪਿਛਲਾ ਹਵਾਲ ਸਬ ਦੇਖਿਆ ਸੁਨਾਇਆ ਅਜ ਅਗੇ ਦਾ ਹਵਾਲ ਸਾਰਾ ਦੇਖਕੇ ਬਨਾਵਾਂਗਾ । ਸ਼ਰਤਾਂ ਕਰਾਵਾਂ ਤਾਂ ਬਨਾਵਾਂ ਮੈਂ ਕਬਿਤ ਇਕ ਝਟ ਪਟ ਤੰਬੂ ਮੈਂ ਪਰੇਟ ਵਿਚ ਲਾਵਾਂਗਾ। ਕੁਸਤੀ ਤੇ ਛਾਲਾਂ ਦੀ ਮੈਂ ਸ਼ਰਤ ਕਰਾਈ ਏਥੇ ਵਾਸਤੇਕੁਦਾਈ ਦੇ ਮੈਂ ਕਾਠੀਆਂ ਪੁਆਵਾਂਗਾ । ਸਿਤਾ ਸਿੰਘ ਸ਼ਰਤਾਂ ਤਮਾਮ ਜਦੋਂ ਹੋਗਈਆਂ ਆਖਰੀ ਦਿਹਾੜੇ ਰੱਸਾ ਸਬ ਨੂੰ ਖਿਚਾਵਾਂਗਾ ॥

ਕੋਰੜਾ ਛੰਦ ॥ ਲਿਖਣੇ ਕੀ ਨਾਮ ਸ਼ਰਤਾਂ ਨੇ ਜਿਤੀਆਂ।

ਜੈਸੀ ਤਕਦੀਰ ਕਢਦੀ ਸੀ ਚਿਠੀਆਂ। ਏਹੋ ਤਕਦੀਰ ਫਕੀਰ ਕਰਦੀ। ਏਹੋ ਤਕਦੀਰ ਬਾਦਸ਼ਾਹ ਕਰਦੀ। ਇਹੋ ਤਕਦੀਰ ਸੈਰ ਕਰੇ ਬਾਗਦੇ। ਮੇਰੇਜੇਹੇ ਗਰੀਬਦੂਰੋਂ ਖੜੇ ਝਾਕਦੇ। ਇਹੋ ਤਕਦੀਰ ਜੰਗਲਾਂ ਨੂੰ ਖੜਦੀ। ਇਹੋ ਤਕਦੀਹ ਬਾਦਸ਼ਾਹ ਕਰਦੀ। ਇਹੋ ਤਕਦੀਰ ਤਖਤੋਂ ਜੀ ਸੱਟਦੀ। ਬਾਦਸ਼ਾਹੀ ਖੋਹ ਦੇਸ ਵਿਚੋਂ ਕਢਦੀ। ਦੇਸੋਂ ਪਰਦੇਸ ਤਕਦੀਰ ਖੜਦੀ। ਇਹੋ ਤਕਦੀਰ ਬਾਦਸ਼ਾਹ ਕਰਦੀ। ਪਾਲਸਿੰਘ ਲਾਂਸ ਘੋੜੇ ਤੋਂ ਗਰਾਂਵਦੀ। ਮੋਟੇ ਪਟੋਂ ਲਤ ਭੰਨ ਤੁਰਜਾਂਵਦੀ। ਨਈ ਕੰਮ ਮਾੜੇ ਤਕਦੀਰ ਕਰਦੀ। ਇਹੋ ਤਕਦੀਰ ਬਾਦਸ਼ਾਹ ਕਰਦੀ। ਜਦੋਂ ਤਕਦੀਰ ਫੇਰ ਜਾਏ ਹਾਰ ਜੀ। ਬਨ ਜਾਂਦੀ ਆਦਮੀ ਨੂੰ ਹੋਰ ਕਾਰ ਜੀ। ਸਾਨੂੰ ਤਕਦੀਰ ਜੋ ਈਰਾਨ ਖੜਦੀ। ਇਹੋ ਤਕਦੀਰ ਬਾਦਸ਼ਾਹ ਕਰਦੀ। ਰਾਜਿਆਂ ਤੇ ਰਾਨਿਆਂ ਨੂੰ ਦਿਤਾ ਮਾਰ ਜੀ। ਜੀਦੀ ਤਕਦੀਰ ਫੇਰ ਗਈ ਹਾਰਜੀ। ਮਾੜੀ ਤਕ-ਦੀਰ ਕੁਛ ਨਹੀਂ ਸਰਦੀ। ਇਹੋ ਤਕਦੀਰ ਬਾਦਸ਼ਾਹ ਕਰਦੀ। ਰਾਂਵਨ ਨੇ ਸੀਤਾ ਨੂੰ ਚੁਰਾਇਆ ਜਾਇਕੇ। ਹਰੀ ਤਕਦੀਰ ਲੰਕਾ ਨੂੰ ਲੁਟਾਇਕੇ। ਬੜੇ ਬੜੇ ਔਲੀਏ ਔਤਾਰ ਫੜਦੀ। ਇਹੋ ਤਕਦੀਰ ਬਾਦਸ਼ਾਹ ਕਰਦੀ। ਵਿਚ ਤਾਂ ਸੀਰਾਜ ਸੁਨੋ ਹੋਰ ਹਾਲ ਜੀ। ਜਿਸਤਰਾਂ ਗੁਜਰੂ ਜੁਵਾਨਾ ਨਾਲ ਜੀ। ਹਰੀ ਤਕਦੀਰ ਨਦੀ ਸੋਹਣੀ ਤਰਦੀ। ਇਹੋ ਤਕਦੀਰ ਬਾਦਸ਼ਾਹ ਕਰਦੀ। ਵਿਚ ਤਾਂ ਈਰਾਂਨ ਮੇਵੇ ਬਹੁਤ ਖਾਂਵਦੇ। ਸਸਤੀ ਸ਼ਰਾਬ ਨੈਪੀਆਂ ਤੁੜਾਂਵਦੇ। ਪੀਂਦੇ

ਨੇ ਸ਼ਰਾਬ ਫੇਰ ਘਰ ਘਰਦੀ। ਇਹੋ ਤਕਦੀਰ ਬਾਦਸ਼ਾਹ ਕਰਦੀ। ਹਾਰੀ ਤਕਦੀਰ ਕੁਛ ਨਹੀਂ ਵਸਜੀ। ਟੁਟੀਆਂ ਨੇ ਨੈਪੀਆਂ ਮੈਂ ਦਿਤਾ ਦਸ ਜੀ। ਨੈਪੀਆਂ ਤੁੜਾਕੇ ਅਸਵਾਰ ਕਰਦੀ। ਇਹੋ ਤਕਦੀਰ ਬਾਦਸ਼ਾਹ ਕਰਦੀ। ਸੰਤਾ ਸਿੰਘ ਹਾਲ ਅਗੇ ਦਾ ਸੁਨਾਵਣਾ। ਗਾਮ ਸੁਲਤਾਨਾਵਾਦ ਅਸਾਂ ਜਾਵਣਾ। ਲਿਖਨੇ ਕੀ ਨਾਮ ਮੈਂ ਕਲਮ ਧਰਦੀ। ਇਹੋ ਤਕਦੀਰ ਬਾਦਸ਼ਾਹ ਕਰਦੀ॥ ਕਬਿਤ॥ ਪਹਿਲੀ ਜੀ ਜੁਲਾਈ ਇਕ ਬਾਤ ਚੇਤੇ ਆਈ ਛੇਤੀ ਕਰੋਖਾਂ ਝੜਾਈ ਸੁਲਤਾਨਾਵਾਦ ਜਾਵਣਾ। ਜਾਕੇ ਕਰਾਂਗੇ ਅਰਮਾਨ ਪਾਸ ਬਾਗਦੇ ਹੈ ਗਾਮ ਪਹਿਲਾਂ ਦਸ ਚੁਕਾ ਨਾਮ ਬਾਰ ਬਾਰ ਕੀ ਸੁਨਾਵਣਾ। ਫੇਰ ਕਰਾਂਗੇ ਪਰੇਟ ਸਾਰੇ ਗਾਮ ਲਊਂ ਦੇਖ ਜੇੜੇ ਬਾਗਦੇ ਨਾਜ਼ੀਕ ਬੋਲ ਸਚ ਮੈਂ ਸੁਨਾਵਣਾ। ਸੰਤਾਸਿੰਘ ਪੰਦਰਾਂ ਦਿਹਾੜੇ ਅਸਾ ਕਟਣੇ ਨੇ ਫੇਰ ਮੁੜ ਜਲਦੀ ਸੀਰਾਜ ਵਿਚ ਆਵਣਾ॥

ਪੰਦਰਾਂ ਰੋਜ ਵਾਸਤੇ ਸੁਲਤਾਨਾਂਬਾਦ ਜਾਨਾ ਤਾਂ ਫੇਰ ਮੁੜਕੇ ਸ਼ੀਰਾਜ਼ ਵਿਚ ਆਵਣਾ

ਕੋਰੜਾ ਛੰਦ॥ ਠਾਈ ਫਰਵਰੀ ਗੋਲੀਆਂ ਸੀ ਚਲੀਆਂ। ਇਸੇ ਗ਼ਾਮ ਵਾਲਿਆਂ ਨਜ਼ਦੀਕ ਘਲੀਆਂ। ਪਹਿਲੀ ਤਾਂ ਜੁਲਾਈ ਗਾਮ ਓਸ ਜਾਂਵਦਾ। ਕੈਟਵਲ ਮੇਜਰ ਸੀ ਜੋਰ ਲਾਂਵਦਾ। ਘੋੜੇ ਟਟੂ ਜਾਕੇ ਬਾਗ ਵਿਚ ਲਾਏ ਸੀ। ਮਾਗ ਦੇ ਤੁਮਾਮ ਲੋਕ ਫੇਰ ਆਏ ਸੀ। ਘੋੜਿਆਂ ਨੂੰ ਤੂੜੀ ਦਾਨਾ ਫੇਰ ਪਾਂਵਦਾ। ਕੈਟਵਲ ਮੇਜਰ ਸੀ ਜੋਰ ਲਾਂਵਦਾ। ਨੰਬ੍ਰ

ਦਾਰ ਸਦ ਪੁਛਿਆ ਹੁਵਾਲ ਜੀ। ਸਾਡੇ ਉਤੇ ਗੋਲੀ ਕਿਉਂ ਚਲਾਈ ਆਪ ਜੀ। ਤੁਹਾਡਾ ਦਿਲ ਰੋਜ ਬਦੀਆਂ ਨੂੰ ਚਾਂਵਦਾ। ਕੈਟਵਲ ਮੇਜਰ ਸੀ ਜੋਰ ਲਾਂਵਦਾ। ਬੋਲਕੇ ਜਵਾਬ ਗਾਮ ਨੇ ਸੁਨਾਇਆ ਜੀ। ਸਾਨੂੰ ਫੇਰ ਖੌਫ ਡਾਕੂਆਂ ਦਾ ਆਇਆ। ਬਾਤ ਚੀਤ ਕਰ ਮਾਲਸ਼ ਕਹਾਂਵਦਾ। ਕੈਟਵਲ ਮੇਜਰ ਸੀ ਜੋਰ ਲਾਂਵਦਾ। ਕਸਮ ਖੁਦਾ ਦੀ ਨ ਖਬਰ ਕਾਈ ਜੀ। ਡਾਕੂਆਂ ਭੁਲੇਖੇ ਗੋਲੀ ਸੀ ਚਲਾਈ ਜੀ। ਮਾਲਸ਼ ਦੀ ਛੁਟੀ ਦਾਨਾਂ ਸੀ ਵਜਾਂਵਦਾ। ਕੈਟਵਲ ਮੇਜਰ ਸੀ ਜੋਰ ਲਾਂਵਦਾ। ਸਾਹਿਬ ਨੇ ਸੁਨਾਇਆ ਜਾਕੇ ਕਰੋ ਕਾਰ ਜੀ। ਕਿਸੇ ਬਾਤ ਦੀ ਨਾ ਕਰਨੀ ਵਿਚਾਰ ਜੀ। ਤੁਹਾਡੇ ਗਾਮ ਵਲ ਪਟਰੋਲ ਆਵਣੀ। ਭੁਲਕੇ ਨ ਗੋਲੀ ਤੁਸਾਂ ਨੇ ਚਲਾਵਣੀ। ਸਾਥ ਪਟਰੋਲ ਗਾਮਾਂ ਵਿਚ ਜਾਂਵਦਾ। ਕੈਟਵਲ ਮੇਜਰ ਸੀ ਜੋਰ ਲਾਂਵਦਾ। ਹਫਤੇ ਜੀ ਦੋ ਕੱਟ ਤੁਰ ਜਾਣਗੇ। ਜਾ ਕੇ ਡੇਰੇ ਫੇਰ ਜੀ ਸ਼ੀਰਾਜ਼ ਲਾਣਗੇ। ਸੋਲਾਂ ਤਾਂ ਤਰੀਕ ਫੇਰ ਆਏ ਲੋਟ ਜੀ। ਸੋਤਾ ਸਿੰਘ ਸਚ ਦੇ ਸੁਨਾਏ ਬੋਲ ਜੀ। ਸਕੌਡਰਨ ਸਾਥ ਲੈ ਸ਼ੀਰਾਜ਼ ਆਂਵਦਾ। ਕੈਟਵਲ ਮੇਜਰ ਸੀ ਜੋਰ ਲਾਂਵਦਾ॥ ਕਬਿਤ॥ ਬਾਤ ਮੇਹਜਰ ਸੁਨਾਈ ਤਾਰ ਅਗਸਤ ਵਿਚ ਆਈ ਤੁਸੀਂ ਸੁਣੋ ਮੇਰੇ ਭਾਈ ਤਾਂ ਰਟੈਰ ਹੋ ਜਾਵਣਾ। ਤੁਸੀਂ ਵੇਚ ਲੌ ਸਮਾਨ ਜੇੜਾ ਫਾਲਤੂ ਤਮਾਮ ਬੋਝ ਖੜਨਾ ਨਹੀਂ ਆਮ ਬੋਲ ਸਚ ਦਾ ਸੁਨਾਵਣਾ। ਤੁਸੀਂ ਦੇਖ ਲੌ ਸਮਾਨ ਜੋ ਖਰਾਬ ਹੋਇਆ ਖਚਰਾਂ ਦਾ ਦੋ ਮਾਹ ਬਾਦ ਤਾਂ ਜਰੂਰ ਤੁਰ ਜਾਵਣਾ। ਸੋਤਾ ਸਿੰਘ ਤੁਰਨਾ

ਸ਼ੀਰਾਜ਼ ਵਿਚੋਂ ਜਦੋਂ ਅਸਾਂ ਸਾਡੇ ਤੁਰਨ ਲਗਿਆਂ ਗਰੀਬਾਂ ਰੌਲਾ ਪਾਵਣਾ ॥

ਅਗਸਤ ਵਿਚ ਤਾਰ ਆਈ ਤਾਂ ਰਸਾਲੇ ਨੂੰ ਖੁਸ਼ੀ ਹੋਈ

ਕੋਰੜਾ ਛੰਦ ॥ ਆਈ ਜਦੋਂ ਤਾਰ ਖੁਸ਼ੀਆਂ ਮਨਾਂਵਦੇ। ਲਿਖ ਲਿਖ ਚਿਠੀਆਂ ਘਰਾਂ ਨੂੰ ਪਾਂਵਦੇ। ਹੁਣ ਤਾਂ ਜਰੂਰ ਜੀ ਰਟੈਰ ਆਵਾਂਗੇ। ਭਾਈਬੰਦਾਂ ਵਿਚ ਹਾਲ ਜੀ ਸੁਨਾਵਾਂ ਗੇ। ਕਰ ਕਰ ਬਾਤਾਂ ਫੇਟ ਦਿਲ ਲਾਂਵਦੇ। ਲਿਖ ਲਿਖ ਚਿਠੀਆਂ ਘਰਾਂ ਨੂੰ ਪਾਂਵਦੇ। ਦੋ ਮਾਂਹ ਬਾਦ ਜੀ ਜਰੂਰ ਆਵਾਂ ਗੇ। ਜਿਸ ਰੋਜ ਤੁਰੇ ਚਿਠੀ ਫੇਰ ਪਾਵਾਂਗੇ। ਅਨਾਰ ਤਾਂ ਅੰਗੂਰ ਸੇ ਖੂਬ ਖਾਂਵਦੇ। ਲਿਖ ਲਿਖ ਚਿਠੀਆਂ ਘਰਾਂ ਨੂੰ ਪਾਂਵਦੇ। ਸ਼ਹਿਰ ਤਾਂ ਸੀਰਾਜ਼ ਸਾਥੋਂ ਖੈਹ ਖਾਂਵਦਾ। ਛੋਟਾ ਵਡਾ ਕੋਈ ਬੋਲਣਾ ਨ ਪਾਂਵਦਾ। ਲਦ ਭਾਰ ਟਟੂ ਟੇਕਰੀ ਝੜਾਂਵਦੇ। ਲਿਖ ਲਿਖ ਚਿਠੀਆਂ ਘਰਾਂ ਨੂੰ ਪਾਂਵਦੇ। ਰੋਜ ਪਰਾਟੀਸ ਚਲਣੇ ਦੀ ਕਰਦੇ। ਭਾਰ ਬਰਦਾਰੀ ਟੇਕਰੀਤੇ ਖੜਦੇ। ਸ਼ਹਿਰੋਂ ਜੀ ਰੁਮਾਲ ਰੇਸ਼ਮੀ ਲਿਆਂਵਦੇ। ਲਿਖ ਲਿਖ ਚਿਠੀਆਂ ਘਰਾਂ ਨੂੰ ਪਾਂਵਦੇ। ਕਪੜਾ ਸੀਰਾਜ਼ ਸੇ ਲਿਆਂਦਾ ਜਾਇਕੇ। ਰੇਸ਼ਮੀ ਦੁਪੱਟੇ ਆਖਦਾ ਬਨਾਇ ਕੇ। ਕੰਮ ਕਰਤਾਰ ਨੂੰ ਜੀ ਹੋਰ ਭਾਂਵੰਦੇ। ਲਿਖ ਲਿਖ ਚਿਠੀਆਂ ਘਰਾਂ ਨੂੰ ਪਾਂਵੰਦੇ। ਉੱਨੀ ਤਾਂ ਤਰੀਕ ਤਾਰ ਫੇਰ ਆਈ ਜੀ। ਲਿਖ ਜਰਨੈਲ ਤਾਰ ਝਟ ਪਾਈ ਜੀ। ਦੂਸਰੇ ਹੁਕਮ ਤਾਕ ਨਹੀਂ ਆਂਵੰਦੇ। ਲਿਖ ਲਿਖ ਚਿਠੀਆਂ ਘਰਾਂ ਨੂੰ ਪਾਂਵੰਦੇ। ਅੰਬਕੀ ਵਰਫ ਤੁਸਾਂ ਫੇਰ

ਕਟਣੀ। ਮਾਰਚ ਮਹੀਨੇ ਉਤੇ ਆਸ ਰਖਣੀ। ਮਸਾਂ ੨ ਇਕ ਸਾਲ ਜੀ ਲਗਾਂਵਦੇ। ਲਿਖ ਲਿਖ ਚਿਠੀਆਂ ਘਰਾਂ ਨੂੰ ਪਾਂਵਦੇ। ਅਬਕਾ ਸਿਆਲ ਅਸਾਂ ਨਹੀਂ ਆਂਵਣਾਂ। ਕਾਰਜ ਵਿਆਹ ਦਾ ਤੁਸਾਂ ਨਾ ਰਚਾਂਵਣਾਂ। ਚੁਪ ਕਰ ਬੈਠੋ ਜੋਰ ਕਾਨੂੰ ਲਾਂਵਦੇ। ਲਿਖ ਲਿਖ ਚਿਠੀਆਂ ਘਰਾਂ ਨੂੰ ਪਾਂਵਦੇ। ਏ ਤਾਂ ਸਕੌਡਰੰਨ ਬੋਲਾਇਆ ਕਲ ਜੀ। ਵਲ ਅਸਫਹਾਨ ਤਾਰ ਦਿਤੀ ਘਲ ਜੀ। ਸੰਤਾ ਸਿੰਘ ਪਾਸੋਂ ਹਾਲ ਜੀ ਪੁਛਾਂਵਦੇ। ਲਿਖ ਲਿਖ ਚਿਠੀਆਂ ਘਟਾਂ ਨੂੰ ਪਾਂਵਦੇ। ਅਸਫਹਾਨ ਸੇ ਏ ਸਕੌਡਰਨ ਦੇ ਸ਼ੀਰਾਜ ਨੂੰ ਵਾਪਸ ਆਂਨਦਾ ਹਾਲ ॥ ਕੋਰੜਾ ਛੰਦ ॥ ਪਜੀ ਤਾਂ ਤਰੀਕ ਤਾਰ ਦਿਤੀ ਘਲ ਜੀ। ਪਹਿਲੀ ਅਕਤੂਬ੍ਰ ਜਰੂਰ ਚਲਜੀ। ਕਿਸੇ ਬਾਤ ਦਾ ਨਾ ਤੁਸਾਂ ਪਜ ਲਾਂਵਣਾਂ। ਸਤਰਾਂ ਤਰੀਕ ਜੀ ਸ਼ੀਰਾਜ ਆਂਵਣਾਂ। ਕੁਛ ਨਾਮਾਲੂਮ ਏਥੇ ਕੀ ਬਨਾਵਾਂਗੇ। ਏਵੀ ਨਾ ਮਾਲੂਮ ਕੇ ਰਟੈਰ ਜਾਂਵਾਂਗੇ। ਲਿਖਿਆ ਪੈਗਾਮ ਮੇਰਾ ਨਾ ਭੁਲਾਂਵਣਾਂ। ਸਤਰਾਂ ਤਰੀਕ ਜੀ ਸ਼ੀਰਾਜ ਆਂਵਣਾਂ। ਏਨੀ ਬਾਤ ਲਿਖ ਫਿਰ ਗਿਆ ਹਟ ਜੀ। ਟੈਲੀ ਤਾਂ ਗਰਾਫ ਤਾਰ ਘਲੀ ਝਟ ਜੀ। ਝਟ ਭੇਜ ਤਾਰ ਸਾਹਿਬ ਨੂੰ ਬੁਲਾਂਵਣਾਂ। ਸਤਰਾਂ ਤਰੀਕ ਜੀ ਸ਼ੀਰਾਜ ਆਂਵਣਾਂ। ਦਿਤਾ ਸੀ ਜੁਬਾਬ ਮੋਹਜਰ ਬਨਾਇਕੇ। ਟੈਲੀ ਜੀ ਗਰਾਫ ਸਾਹਿਬ ਆਪ ਜਾਇਕੇ। ਐਡੀ ਛੇਤੀ ਮੈਥੋਂ ਤੁਰਿਆ ਨਾ ਜਾਂਵਣਾਂ। ਸਤਰਾਂ ਤਰੀਕ ਜੀ ਸ਼ੀਰਾਜ ਆਂਵਣਾਂ। ਮੇਰੇ ਤਾਂ ਜੁਵਾਨ ਇਥੋਂ ਗਏ ਦੂਰ ਜੀ। ਏਸ ਬਾਤ ਵਿਚ ਕੁਝ ਨਾ

ਕਸੂਰ ਜੀ। ਕੌਸਲ ਨੂੰ ਹਾਲ ਲਿਖਕੇ ਪੁਚਾਂਵਣਾਂ। ਸਤਰਾਂ ਤਰੀਕ ਜੀ ਸ਼ੀਰਾਜ ਆਂਵਣਾਂ। ਕੌਸਲ ਸਕਾਟ ਇਕ ਸਾਥ ਲੈਗਿਆ। ਜਾਨ ਲਗਾ ਇਕ ਮਹੀਨਾ ਮੈਨੂੰ ਕੈਹ ਗਿਆ। ਲੈਫ ਬੀ ਕਰ ਛਡਿਆ ਤਿਆਰ ਜੀ।ਓਸ ਰੋਜ ਤੂਰੂ ਜਦੋਂ ਘਲੋ ਤਾਰ ਜੀ। ਰੋਜ ਰੋਜ ਹਾਲ ਰਾਹ ਦਾ ਬਤਾਂਵਣਾਂ। ਬਾਈ ਤਾਂ ਤਰੀਕ ਜੀ ਸ਼ੀਰਾਜ ਆਂਵਣਾ। ਤਾਰ ਬਰਗੇਡ ਵਿਚੋਂ ਹੋਰ ਆਇਆ ਜੀ। ਸਾਰੀ ਫੌਜ ਵਿੱਚ ਹੁਕਮ ਸੁਨਾ ਇਆ ਜੀ। ਛੇ ਮਾਹ ਤੁਸਾਂ ਨਾ ਸ਼ੀਰਾਜੋਂ ਆਂਵਣਾ। ਬਾਈ ਤਾ ਤਰੀਕ ਜੀ ਸ਼ੀਰਾਜ ਆਂਵਣਾ। ਫੇਰ ਤਾਰ ਝਟ ਅਸਫ ਹਾਨੋਂ ਆਈ ਜੀ। ਮੇਹਜ਼ਰ ਤਾ ਸਾਹਿਬ ਲਿਖਕੇ ਪੁਚਾਈ ਜੀ। ਪੰਜ ਨੂੰ ਜੀ ਕੂਚ ਕਰਤਾਰ ਪਾਂਵਣਾ। ਬਾਈ ਤਾਂ ਤਰੀਕ ਜੀ ਸ਼ੀਰਾਜਆਂਵਣਾ। ਪੰਜ ਕਰ ਕੂਚ ਬਾਈ ਨੂੰ ਜੀ ਆਵਾਂਗੇ। ਹਰ ਰੋਜ ਖਵਰ ਆਪਨੂੰ ਪੁਚਾਵਾਂਗੇ। ਸੰਤਾ ਸਿੰਘ ਪਾਸ ਹਾਲ ਜੀ ਲਿਖਾਂਵਣਾ। ਬਾਈ ਤਾਂ ਤਰੀਖ ਜੀ ਸ਼ੀਰਾਜ ਆਂਵਣਾਂ। ਏ ਸਕੌਡਰੰਨ ਦਾ ਹਾਲ ਜੋ ਰਸਤੇ ਵਿਚ ਜਾਦਿਆਂ ਹੋਇਆ ੧੯੧੧ ਵਿਚ ਗੁਜਰਿਆ ਸੀ॥ ਦੋਹਿਰਾ॥ਜਿਸ ਦਿਨ ਨਿਖੜੇ ਆਪਸੇ ਚਲੇ ਵਲ ਅਸਫਹਾਨ। ਰਸਤੇ ਮੇਂ ਡਰ ਬਹੁਤ ਸੀ ਰਬ ਬਚਾਏਜਾਨ॥

ਬੀ ਸਕੌਡਰੰਨ ਨੇ ਆਬਾਦੇ ਸੇ ਸ਼ੀਰਾਜ ਨੂੰ ਰਟੈਰ ਕਰਨਾ ਤਾਂ ਏ ਸਕੌਡਰੰਨ ਦੇ ਸਾਥ ਰਸਤੇ ਵਿੱਚ ਲੜਾਈ ਹੋਣੀ।

॥ ਕਬਿੱਤ ॥ "ਬੀ" ਤਾਂ ਸਕੌਡਰੰਨ ਸ਼ੀਰਾਜ ਨੂੰ ਟੈਰ ਕੀਤਾ "ਏ" ਤਾਂ ਸਕੌਡਰਨ ਜਰੂਰ ਅਗੇ ਜਾਇਗਾ।

ਖੁਸ਼ੀਆਂ ਦੇ ਸਾਥ ਫੇਰ ਚਲੇ ਨੇ ਅਬਾਦੇ ਵਿਚੋਂ ਕੁਛ ਨਾ ਮਾਲੂਮ ਕੀ ਵਖਤ ਰਬ ਪਾਇਗਾ ॥ ਰੋਜ ਰੋਜ ਪਾਰਟੀ ਫਲੈਂਕਾ ਉਤੇ ਭੇਜਦੇਨੇ ਕਾਫਲਾ ਜਰੂਰ ਇਕ ਫੇਰ ਸਾਥ ਜਾਇਗਾ। ਇਕ ਫੁਟ ਸਾਹਿਬ ਕਪਤਾਨ ਸੀ ਦਲੇਰਬਹੁਤ ਬੀਤਿਆ ਹਵਾਲ ਸੰਤਾ ਸਿੰਘ ਜੀ ਸੁਣਾਇਗਾ ॥

ਕੋਰੜਾ ਛੰਦ ॥ ਉਨੀ ਸੈ ਗਿਯਾਰਾਂ ਦਾ ਬਤਾਵਾਂ ਹਾਲ ਜੀ। ਰਸਤੇ ਦਾ ਬੀਤਿਆ ਸੁਨਾਵਾਂ ਹਾਲ ਜੀ। ਜਰਦੇ ਜੀ ਖਾਸ਼ ਵਿਚੋਂ ਕੂਚ ਕਰਦੇ। ਐਮਨਾ ਵਾਦ ਨੂੰ ਧਿਆਨਧਰਦੇ। ਲਦਿਆ ਬਪਾਰੀਆਂ ਨੇ ਸਾਥ ਮਾਲ ਜੀ। ਰਸਤੇ ਦਾ ਬੀਤਿਆ ਸੁਨਾਵਾਂ ਹਾਲ ਜੀ। ਛਡਕੇ ਪੜਾ ਚਾਰ ਮੈਲ ਜਾਂਵਦੇ। ਡਾਕੂਆਂ ਦੇ ਘੇਰੇ ਵਿਚ ਆ ਜਾਵੰਦੇ। ਡਾਕੂਆਂ ਨੇ ਆਨ ਘੇਰਿਆ ਸੀ ਮਾਲ ਜੀ। ਕਿਸੇ ਦਾ ਨਾ ਖੌਫ ਡਾਕੇ ਬਹੁਤ ਮਾਰਦੇ। ਰਸਤੇ ਦੇ ਵਿਚ ਖੂੰਨ ਵੀ ਗੁਜਾਰਦੇ। ਕਈਆਂ ਦੇ ਉਜਾੜ ਵਿਚ ਹੋਣ ਕਾਲ ਜੀ। ਰਸਤੇ ਦਾ ਬੀਤਿਆ ਸੁਨਾਵਾਂ ਹਾਲ ਜੀ। ਗਡੀ ਵਿਚੋਂ ਡਾਕੂ ਫੇਰ ਪਏਧਾਇਕੇ। ਲੁਟਿਆ ਸਮਾਨ ਰਸਤੇਮੇਂ ਆਇਕੇ। ਕਰਦੇ ਸੁਕਾਰ ਖਾਲੀ ਛਡ ਮਾਲਜੀ। ਰਸਤੇ ਦਾ ਬੀਤਿਆਸੁਨਾਵਾਂ ਹਾਲ ਜੀ। ਪਾਰਟੀ ਅਡਵੰਸ ਵਿਚੋਂ ਖਬਰ ਆਈ ਜੀ। ਰਸਤੇ ਮੇਂ ਲੂਟ ਡਾਕੂਆਂ ਮਚਾਈ ਜੀ। ਸਕੌਡੰਨ ਨੇ ਝਟ ਕੀਤੀ ਤੇਜ ਚਾਲ ਜੀ। ਰਸਤੇ ਦਾ ਬੀਤਿਆ ਸੁਨਾਵਾਂ ਹਾਲ ਜੀ। ਇਕ ਫੁਟ ਸਾਹਿਬ ਹੁਕਮ ਸੁਨਾਂਵਦਾ। ਖੋਲਅਸ਼ਟਂਡ ਮਾਰਚ ਕਰਾਵੰਦਾ। ਕਰਕੇ ਅਟੈਕ ਖੋਹ ਲੈ ਮਾਲ ਜੀ ॥

ਰਸਤੇ ਦਾ ਬੀਤਿਆ ਸੁਨਾਵਾਂ ਹਾਲ ਜੀ। ਡਾਕੂਆਂ ਨੇ ਦੇਖੀ ਹੋਰ ਫੌਜ ਆਈ ਜੀ। ਛਡ ਮਾਲ ਗਾਜ਼ੀ ਨੂੰ ਕਰੀ ਨੇ ਧਾਈ ਜੀ। ਇਕ ਫੂਟ ਟੇਕਰੀ ਬਤਾਈ ਚਾਲ ਜੀ। ਰਸਤੇ ਦਾ ਬੀਤਿਆ ਸੁਨਾਵਾਂ ਹਾਲ ਜੀ। ਅਗੇ ਅਗੇ ਇਕ ਫੂਟ ਸਾਹਿਬ ਜਾਂਵਦਾ। ਰਸਾਲਦਾਰ ਜਖਮੀ ਸੀ ਹੋ ਜਾਂਵਦਾ। ਸਾਰੇ ਤਾਂ ਸਕੌਡ੍ਰਨ ਨੇ ਰੋਕੀ ਚਾਲ ਜੀ। ਰਸਤੇ ਦਾਬੀਤਿਆ ਸੁਨਾਵਾਂ ਹਾਲ ਜੀ। ਚਾਂਚ ਦੀ ਅਵਾਜ ਸਾਹਿਬ ਦਿਤੀ ਤਾਨਕੇ। ਪਿਛੇ ਤਾਂ ਸਕੌਡ੍ਰਨ ਮਦਦ ਜਾਨਕੇ। ਪਹੁੰਚਿਆ ਫੇਰ ਕੋਈ ਸਾਹਿਬ ਨਾਲ ਜੀ। ਰਸਤੇ ਦਾ ਬੀਤਿਆ ਸੁਨਾਵਾਂ ਹਾਲ ਜੀ। ਇਕ ਤੁਰਪ ਸਾਥ ਫੇਰ ਜੀ ਕਰਾਂਵਦਾ। ਰਸਾਲਦਾਰ ਪਾਸ ਸਾਹਿਬ ਫੇਰ ਆਂਵਦਾ। ਰਸਾਲਦਾਰ ਆਖੇ ਮੇਰਾ ਆਇਗਾ ਕਾਲ ਜੀ। ਰਸਤੇ ਦਾ ਬੀਤਿਆ ਸੁਨਾਵਾਂ ਹਾਲ ਜੀ। ਰਸਾਲਦਾਰ ਮੇਜਰ ਨੂੰ ਗੋਲੀ ਲਗਦੀ। ਗਈ ਪਟਪਾੜ ਨਾ ਫਰਕ ਛਡਦੀ। ਵਾਸਤੇ ਖੁਦਾ ਦੇ ਮੈਨੂੰ ਲੈਜਾ ਨਾਲ ਜੀ। ਰਸਤੇ ਦਾ ਬੀਤਿਆ ਸੁਨਾਵਾਂ ਹਾਲ ਜੀ। ਤੁਰਪ ਲੈਕੇ ਹੈਂਦਾਲ ਖਾਂ ਸਾਥ ਜਾਂਵਦਾ। ਬਾਕੀ ਦਾ ਸਕੌਡ੍ਰਨ ਸੀ ਰੁਕ ਜਾਂਵਦਾ। ਮੇਰਾ ਬਾਲ ਬਚਾ ਰਖਿਓ ਸੁਮਾਲ ਜੀ। ਰਸਤੇ ਦਾ ਬੀਤਿਆ ਸੁਨਾਵਾਂ ਹਾਲ ਜੀ॥ ਸਾਹਿਬ ਜਾਕੇ ਆਖੇ ਮੈਂ ਇਕੇਲਾ ਧਾਗਿਆ। ਸਾਰਾ ਹੀ ਸਕੌਡ੍ਰਰਨ ਰਟੇਰ ਆਗਿਆ। ਗੁਸੇ ਨਾਲ ਹੋਇਆ ਸਾਹਿਬ ਲਾਲੋ ਲਾਲ ਜੀ। ਰਸਤੇ ਦਾ ਬੀਤਿਆ ਸੁਨਾਵਾਂ ਹਾਲ ਜੀ। ਡਾਕਦਾਰ ਫੇਰ ਪਟੀਆਂ ਲਗਾਂਵਦਾ। ਸਾਹਿਬ ਪਾਸ

ਹਾਲ ਜਾਕੇ ਸੁਨਾਵੰਦਾ। ਰਸਾਲਦਾਦਾਰ ਮੇਜਰ ਦਾ ਹਛਾ
ਹਾਲ ਜੀ ॥ ਰਸਤੇ ਦਾ ਬੀਤਿਆ ਸੁਨਾਵਾਂ ਹਾਲ
ਜੀ ॥ ਕਜਾਵੇ ਵਿਚ ਪਾਏ ਅਗੇ ਜੀ ਲਜਾਵੰਦੇ ॥ ਐਮਨਾ
ਵਾਦ ਰਾਤ ਸੀ ਪਚਾਂਵਦੇ । ਫੇਰ ਅਸਫਹਾਨ ਪਹੁੰਚੇ
ਚਲੋ ਚਾਲ ਜੀ। ਰਸਤੇ ਦਾ ਬੀਤਿਆ ਸੁਨਾਵਾਂ ਹਾਲਜੀ।
ਗੋਲੀ ਜਦੋਂ ਲਗੀ ਜੀ ਰਫੈਰ ਆਂਵਦਾ। ਸਿਮਲੇ ਜੀ ਜਾਇਕੇ
ਤਰੱਕੀ ਪਾਂਵਦਾ। ਵਿਚ ਅਸਫਹਾਨ ਰਹੇ ਇਕ ਸਾਲ ਜੀ।
ਰਸਤੇ ਦਾ ਬੀਤਿਆ ਸੁਨਾਵਾਂ ਹਾਲ ਜੀ । ਸ਼ੀਰਾਜ ਵਿਚ
ਆਕੇ ਫੇਰ ਹਿਲੀ ਗਲਜੀ। ਪਾਸ ਵਰਿਆਮ ਖਾਂ ਆਇਆ
ਚਲ ਜੀ। ਨੈਪ ਸੁਲਤਾਨ ਪਾਰਟੀ ਦੇ ਨਾਲ ਜੀ। ਰਸਤੇ
ਦਾ ਬੀਤਿਆ ਸੁਨਾਵਾਂ ਹਾਲ ਜੀ । ਯਾਰਾਂ ਪਾਸ ਬੈਠਦੇ ਨੇ
ਰੋਜ ਯਾਰ ਜੀ। ਵਿਚ ਤਾਂ ਸੀਰਾਜ ਲੁਟਦੇ ਬਹਾਰ ਜੀ।
ਸੰਤਾਸਿੰਘ ਅਗੇਦੀ ਸੁਨਾਈਂ ਚਾਲਜੀ। ਰਸਤੇ ਦਾ ਬੀਤਿਆ
ਸੁਨਾਵਾਂ ਹਾਲ ਜੀ ॥ ਕਬਿਤ ॥ ਆਏ ਜਾਂ ਸ਼ੀਰਾਜ
ਦਿਨ ਚਾਰ ਹੋਇ ਬੈਠਿਆਂ ਨੂੰ ਵਾਸਤੇ ਸਲਾਮ ਦੇ ਤਮਾਮ
ਲੋਕ ਜਾਂਵਦੇ। ਕਈ ਜਾਨ ਸੁਭੇ ਕਈ ਬਾਰਾਂ ਵਜੇ ਜਾਂਵਦੇ
ਨੇ ਕਈ ਪਾਸ ਬੈਠ ਹਾਲ ਆਪਨਾ ਸੁਨਾਵਦੇ। ਆਪ ਦੇ
ਬਗੈਰ ਸਰਦਾਰ ਬਹੁਤ ਤੰਗ ਕੀਤਾ ਝੂਠ ਨਹੀਂ ਬੋਲਾਂ ਬੈਠ
ਕਸਮਾਂ ਨੇ ਖਾਂਵਦੇ। ਸੰਤਾਸਿੰਘ ਹਾਲ ਖੀਓਨ ਸਿੰਘ ਦਾ
ਬਤਾਦੇ ਛੋਟੀ ਨੌਂ ਤਾਂ ਤਰੀਕ ਜੀ ਸ਼ਕਾਰ ਤੁਰ ਜਾਂਵਦੇ॥
ਕਬਿਤ॥ ਇਕ ਛੰਦ ਛੋਟੀ ਖੀਓਨ ਸਿੰਘ ਦਾ ਬਨਾ ਦੇ
ਏਥੇ ਅਗੇ ਹਾਲ ਸਾਰਾ ਦਸ ਦੇਈਂ ਤੂੰ ਸ਼ਿਕਾਰ ਦਾ। ਹੋਏ

ਬਾਤ ਸੋਈ ਜੇੜ੍ਹੀ ਭਾਵੇ ਕਰਤਾਰ ਨੂੰ ਜੀ ਆਦਮੀ ਗੁਵਾਰ ਕੁਛ ਮੂਲ ਨਾ ਵਿਚਾਰਦਾ। ਮਿਲ ਜਾਂਦੀ ਸੋਈ ਜੇੜ੍ਹੀ ਲਿਖੀ ਤਕਦੀਰ ਵਿਚ ਦੇਸ ਪਰਦੇਸ ਜਾਕੇ ਟੱਕਰਾਂ ਹੈ ਮਾਰਦਾ। ਬੈਠਕੇ ਨਾ ਕਿਤੇ ਨਾਮ ਰੱਬ ਦਾ ਧਿਆਇਆ ਬੰਦੇ ਸੰਤਾਸਿੰਘ ਦਿਨੇ ਰਾਤ ਜ਼ੁਲਮ ਗੁਜਾਰਦਾ ॥

ਖੀਓਨ ਸਿੰਘ ਦਾ ਹਾਲ ਕੋਰੜਾ ਛੰਦ

ਛੋਟਾ ਭਾਈ ਸ਼ੇਰ ਨੇ ਵੀ ਲਿਆ ਮਾਰ ਜੀ। ਹੁੰਦੇਨੇ ਨਿਰਾਜ ਕਿਸੇ ਨੂੰ ਉਚਾਰਜੀ। ਇਕ ਫੁਟ ਸਾਹਿਬ ਸੀ ਸ਼ਿਕਾਰ ਜਾਂਵਦਾ। ਦਿਲ ਮੇਂ ਖਿਆਲ ਸਾਹਿਬ ਦੇ ਸੀ ਆਂਵਦਾ ਦਿਲ ਮੇਂ ਤਾਂ ਸਾਹਿਬ ਗਿਆ ਸੀ ਵਿਚਾਰ ਜੀ। ਹੁੰਦੇ ਨੇ ਨਿਰਾਸ ਕਿਸੇ ਨੂੰ ਉਚਾਰ ਜੀ। ਇਕ ਫੁਟ ਸਾਹਿਬ ਨੈਪ ਸੀ ਬਨਾਂਵਦਾ। ਭਾਈਦੇ ਵਿਜੋਗ ਦਾ ਸੀ ਖੌਫ ਖਾਂਵਦਾ। ਛਾਉਣੀ ਵਿਚ ਹੋਈ ਏਤਨੀ ਸੀ ਕਾਰ ਜੀ। ਹੁੰਦੇ ਨੇ ਨਿਰਾਜ ਕਿਸੇ ਨੂੰ ਉਚਾਰ ਜੀ। ਭਾਈ ਖੀਉਨ ਸਿੰਘ ਦਾ ਸੀ ਬਤਾਇਆ ਜੀ। ਥੋੜ੍ਹੇ ਵਿਚ ਹਾਲ ਏਸਦਾ ਮੁਕਾਇਆਜੀ। ਸਾਰੀ ਤਾਂ ਸ਼ੀਰਾਜ ਦੀ ਦਸਾਂਗਾ ਕਾਰ ਜੀ। ਹੁੰਦੇ ਨੇ ਨਿਰਾਜ ਕਿਸੇ ਨੂੰ ਉਚਾਰ ਜੀ। ਨੈਪੀ ਸਰਦਾਰ ਏਸ ਦੀ ਤੁੜਾਂਵਦਾ। ਖੀਓਨ ਸਿੰਘ ਉਤੇ ਸਾਰਾ ਜੋਰ ਲਾਂਵਦਾ। ਸ਼ਪਾਹੀ ਨਿਤ ਹੁੰਦੇ ਨੇ ਕਸੂਰ ਵਾਰ ਜੀ। ਹੁੰਦੇ ਨੇ ਨਿਰਾਜ ਕਿਸੇ ਨੂੰ ਉਚਾਰ ਜੀ। ਇਕ ਫੁਟ ਸਾਹਿਬ ਅਸਫਹਾਨੋਂ ਆਂਵਦਾ। ਉਦੇ ਪਾਸ ਹਾਲ ਆਪਨਾ ਸੁਨਾਂਵਦਾ। ਇਕ ਫੁਟ ਸਾਹਿਬ ਕਰਿਆ ਕਰਾਰ ਜੀ। ਹੁੰਦੇ ਨੇ ਨਿਰਾਜ ਕਿਸੇ ਨੂੰ ਉਚਾਰ

ਜੀ। ਛਾਉਣੀ ਵਿਚ ਜਾਕੇ ਜੋਰ ਫੇਰ ਲਾਊਂਗਾ। ਇਕ ਵਾਰ ਨੈਪ ਤੈਨੂੰ ਮੈਂ ਬਨਾਊਂਗਾ। ਹੁਣ ਕੰਮ ਕਰੀਂ ਹੋਇਕੇ ਹੁਸ਼ਿਆਰ ਜੀ। ਹੁੰਦੇ ਨੇ ਨਿਰਾਜ ਕਿਸੇ ਨੂੰ ਉਚਾਰ ਜੀ ॥ ਖੀਓਨ ਸਿੰਘ ਦੀਵੀ ਥੋੜੀ ਦਸੀ ਕਾਰ ਜੀ। ਗੁਜਰੀ ਸ਼ੀਰਾਜ ਜੋੜੀ ਏਦੇ ਨਾਲ ਜੀ। ਕਿਸੇ ਪਾਸ ਬਾਤ ਦੀ ਨਾ ਕਵੀ ਸਾਰ ਜੀ। ਹੁੰਦੇ ਨੇ ਨਿਰਾਜ ਕਿਸੇ ਨੂੰ ਉਚਾਰ ਜੀ। ਖੀਊਨ ਸਿੰਘ ਨਾਮ ਸਬ ਨੂੰ ਸੁਨਾ ਲਿਆ। ਜਾਇਕੇ ਸ਼ੀਰਾਜ ਵਿੱਚ ਦੁਖ ਪਾਲਿਆ। ਕੋੜੇ ਕੋੜੇ ਯਾਰ ਦੀ ਮੈਂ ਲਿਖਾਂ ਕਾਰਜੀ। ਹੁੰਦੇ ਨੇ ਨਿਰਾਜ ਕਿਸੇ ਨੂੰ ਉਚਾਰ ਜੀ। ਦਸਤੇ ਅਰੂੰਨ ਨੂੰ ਸ਼ਿਕਾਰ ਜਾਵਣਾ। ਖੀਊਨ ਸਿੰਘ ਸਾਥ ਹੈ ਜਰੂਰ ਜਾਵਣਾ। ਸਿੱਤਾ ਸਿੰਘ ਦਸਦੇ ਸ਼ਕਾਰ ਕਾਰ ਜੀ। ਹੁੰਦੇ ਨੇ ਨਿਰਾਜ ਕਿਸੇ ਨੂੰ ਉਚਾਰ ਜੀ ॥

ਸ਼ਿਕਾਰ ਦੀ ਤਿਆਰੀ

ਕਬਿੱਤ ॥ ਥੋੜੇ ਰੋਜ ਕਟਣੇ ਸ਼ੀਰਾਜ ਵਿਚ ਬੈਠਕੇ ਜੀ ਫੇਰ ਤਾਂ ਜਰੂਰ ਜੀ ਸ਼ਕਾਰ ਵਲ ਜਾਵਾਂਗੇ। ਨੌਂ ਤਾਂ ਦਿਸੰਬਰ ਜਰੂਰ ਇਥੋਂ ਜਾਵਣਾ ਹੈ ਦਸਤੇ ਅਰਜੂੰਨ ਜਾਕੇ ਨਕਸ਼ਾ ਬਨਾਵਾਂ ਗੇ। ਤਾਲ ਦਾ ਸ਼ਕਾਰ ਜਗਾ ਦੇਖਣੀ ਪਹਾੜ ਉਤੇ ਵਿਚ ਤਾਂ ਸ਼ੀਰਾਜ ਫੇਰ ਖਬਰ ਪੁਚਾਵਾਂ ਗੇ। ਚਵੀ ਤਾਂ ਤਰੀਕ ਦਿਨ ਵਡੇ ਓਥੇ ਕਟਣੇ ਨੇ ਸਿੱਤਾ ਸਿੰਘ ਬੈਠ ਫੇਰ ਖੁਸ਼ੀਆਂ ਮਨਾਵਾਂਗੇ ॥

ਕਬਿਤ ॥ ਚਲੇ ਨੇ ਸ਼ਕਾਰ ਦੋਵੇਂ ਹੋਇਕੇ ਤਿਆਰ ਯਾਰ ਸਾਥ ਅਸਵਾਰ ਦਫੇਦਾਰ ਹੋਰ ਜਾਂਵਦੇ। ਸਿਖ ਸਰਦਾਰ ਮੈਂ ਸੁਰੈਣ ਸਿੰਘ ਦਸਿਆ ਸੀ ਸਾਥ ਫੇਰ ਹੋਰ ਜੀ ਟਿਵਾਨੇ ਮਿਲ ਜਾਂਵਦੇ। ਪੰਦਰਾਂ ਦਿਹਾੜੇ ਤਾਂ ਜਰੂਰ ਓਥੇ ਕਟਨੇ ਨੇ

ਕੰਮ ਜੀ ਸਰੋਟ ਵਿਚੋਂ ਰਾਸ਼ਨ ਦੁਵਾਂਵਦੇ। ਰਬ ਦਾ ਹੁਵਾਲ ਨਾ ਮਾਲੂਮ ਹੋਵੇ ਆਦਮੀ ਨੂੰ ਸੰਤਾ ਸਿੰਘ ਯਾਰ ਦੋਵੇਂ ਖੁਸ਼ੀਆਂ ਮਨਾਵੰਦੇ ॥

ਸ਼ੀਰਾਜ ਸੇ ਸ਼ਿਕਾਰ ਜਾਨਾ ਦਸਤੇ ਅੂਜੂੰਨ ਕੋ ਮੇਜਰ
ਕੈਟਵਲ ਤੇ ਕਪਤਾਨ ਇਕ ਫੁਟ ਸਾਹਿਬ ਨੇ

ਕੋਰੜਾ ਛੰਦ ॥ ਨੌਂ ਤਾਂ ਦਿਸੰਬ੍ਰ ਸ਼ਕਾਰ ਜਾਂਵਦੇ। ਸੇਖ ਤਾਂ ਟਿਕਾਣੇ ਸਾਥ ਲੈ ਜਾਵੰਦੇ। ਬੜੀ ਖੁਸ਼ੀ ਨਾਲ ਦੋਵੇਂ ਚਲੇ ਯਾਰ ਜੀ। ਇਕ ਫੁਟ ਸਾਹਿਬ ਚਲਿਆ ਸ਼ਕਾਰ ਜੀ। ਨੌਂ ਤਾਂ ਤਰੀਕ ਤੂੰ ਜਰੂਰ ਤੋਰ ਜੀ। ਦੇਕੇ ਤਾਂਸਾਹਿਬ ਚਲਦੇ ਨੇ ਜੋਰ ਜੀ। ਪੈਂਹਨ ਬਾਨਾ ਕਾਲਾ ਅਗੋਂ ਮਿਲੀ ਨਾਰ ਜੀ। ਇਕ ਫੁਟ ਸਾਹਿਬ ਚਲਿਆ ਸ਼ਿਕਾਰ ਜੀ ॥ ਦੋਨੋਂ ਹੀ ਤਰਫ ਜੀ ਸਕਾਰ ਘਲਦੇ। ਬੜੀ ਖੁਸ਼ੀ ਸਾਥ ਨੌਂ ਵਜੇ ਚਲਦੇ। ਅਪੜੇ ਪੜਾ ਜਦੋਂ ਵਜੇ ਚਾਰ ਜੀ। ਇਕ ਫੁਟ ਸਾਹਿਬ ਚਲਿਆ ਸਕਾਰ ਜੀ। ਸ਼ਾਮ ਨੂੰ ਚਨਾਰਦੇ ਪੜਾ ਕਰਦੇ। ਘੋੜੇ ਟਟੂ ਵਿਚ ਜੀ ਸਰਾਂ ਖੜਦੇ। ਬਾਏਂ ਹਥ ਤਿਤਰ ਕਰੇ ਪੁਕਾਰ ਜੀ। ਇਕ ਫੁਟ ਸਾਹਿਬਚਲਿਆ ਸ਼ਕਾਰ ਜੀ। ਬਾਤ ਚੀਤ ਕਰ ਰਾਤ ਸੁਤੇ ਯਾਰ ਜੀ ॥ ਕਿਸੇ ਨੂੰ ਨ ਰਬਦੀ ਮਾਲੂਮ ਹੈ ਕਾਰ ਜੀ। ਦਹਿਨੇ ਹਥ ਸੂਏ ਹਰਨ ਮਾਰੀਛਾਲਜੀ। ਇਕ ਫੁਟ ਸਾਹਿਬ ਚਲਿਆ ਸ਼ਕਾਰ ਜੀ। ਗਿਦੜ ਦੁਪਹਿਰੇ ਬੋਲਿਆ ਖਰਾਬ ਜੀ। ਕਾਂ ਦੀ ਵੀ ਰਾਤ ਚੰਦਰੀ ਅਵਾਜ ਜੀ। ਪਿੰਗਲਾ ਖੂਹੈ ਨੂੰ ਟੱਪ ਗਿਆ ਪਾਰ ਜੀ। ਇਕ ਫੁਟ ਸਾਹਿਬ ਚਲਿਆ ਸ਼ਿਕਾਰ

ਜੀ। ਰਸਤੇ ਮੇਂ ਗੂੰਗਾ ਖੜਾ ਰੌਲਾ ਪਾਂਵਦਾ। ਅੰਨੇ ਨੂੰ ਤਮਾਮ ਸੀ ਨਜ਼ਰ ਆਂਵਦਾ। ਗੀਤ ਖੜੀ ਗਾਵੇ ਰੰਡੀਆਂ ਦੀ ਡਾਰ ਜੀ। ਇਕ ਫੁਟ ਸਾਹਿਬ ਚਲਿਆ ਸ਼ਿਕਾਰ ਜੀ। ਸਗਨ ਤਮਾਮ ਮਾੜੇ ਹੁੰਦੇ ਜਾਂਵਦੇ। ਸਾਹਿਬ ਦੇ ਕਸਾਈ ਜੰਮ ਲਈ ਜਾਂਵਦੇ। ਝੌਟਾ ਪਾਵੇ ਖੌਰੂ ਸ਼ੇਰ ਮਾਰੇ ਛਾਲਜੀ। ਇਕ ਫੁਟ ਸਾਹਿਬ ਚਲਿਆ ਸ਼ਿਕਾਰ ਜੀ। ਖਾਂਨਿ ਜਨਿਆਣ ਪਹੁੰਚ ਗਏ ਸ਼ਾਮ ਨੂੰ। ਤੂੜੀ ਦਾਣਾ ਫੇਰ ਲੈਣ ਗਏ ਗਾਮ ਨੂੰ। ਸੰਤਾ ਸਿੰਘ ਅਗੇ ਦੀ ਬਤਾਈ ਕਾਰਜੀ। ਇਕ ਫੁਟ ਸਾਹਿਬ ਚਲਿਆ ਸ਼ਿਕਾਰ ਜੀ ॥ ਦੋਹਰਾ ॥ ਗਲਾਂ ਬਾਤਾਂ ਕਰਕੇ ਸੁਤੇ ਦੋਵੇਂ ਯਾਰ। ਸੰਤਾਸਿੰਘਸੁਨਾਂਵਦਾ ਸਬ ਸੁਫਨੇ ਦੀ ਕਾਰ ॥

ਖਾਂਨਿ ਜਨਿਆਣ ਦੀ ਸਰਾਂ ਵਿਚ ਸਾਹਿਬਨੂੰ ਰਾਤ ਸੁਤੇ ਪਏ ਨੂੰ ਸੁਫਨਾ ਆਉਣਾ ਤਾਂ ਖ਼ਾਬ ਵਿਚ ਸਾਹਿਬ ਨੇ ਆਪਨੇ ਘਰ ਜਾਕੇ ਵਿਆਹ ਦੇਖਣਾ।

ਕਬਿੱਤ ॥ ਘੋੜੇ ਦੀ ਰਕਾਬ ਪੈਰ ਰਖਿਆ ਤੜਕ ਛਿਕ ਕੁਤਾ ਮਾਰੇ ਚਾਂਗ ਮੁਖ ਉਪਰ ਉਠਾਇਕੇ। ਖੁਸਰਿਆਂ ਦੀ ਸ਼ਾਦੀ ਰਾਤ ਦੇਖਦਾ ਖੁਸ਼ੀ ਨਾਲ ਰੰਡੀ ਰੈਨ ਬੈਠੀ ਸੇਜ ਰਾਹ ਮੇਂ ਵਿਛਾਇਕੇ। ਬਕਰੀ ਦੇ ਅਗੇ ਬਘਿਆੜ ਭੌਨਾ ਜਾਂਵਦਾ ਸੀ ਗਊ ਪਾਸ ਖੜਾ ਸ਼ੇਰ ਸਿਰ ਨੂੰ ਝੁਕਾਇਕੇ ॥ ਸੰਤਾ ਸਿੰਘ ਸਾਹਿਬ ਪਿਆ ਖੁਸ਼ੀਆਂ ਮਨਾਂਵਦਾ ਸੀ ਘਰ ਵਿਚ ਦੇਖਿਆ ਵਿਆਹ ਹੁੰਦਾ ਜਾਇਕੇ ॥ ਕਬਿੱਤ ॥ ਦੇਖਕੇ ਤਾਂ ਨਾਗ ਮੋਰ ਭਜਿਆ ਉਡਾਰੀ ਮਾਰ ਚੂਹਾ ਸਾਰਾ ਜੋਰ

ਪਿਆ ਬਿਲੀ ਉਤੇ ਲਾਂਵਦਾ। ਲੂੰਬੜੀ ਦੇ ਪਾਸੋਂ ਖੌਫ ਕੁਤਿਆਂ ਨੂੰ ਆਂਵਦਾ ਸੀ ਗਿਦੜ ਪੁਕਾਰੇ ਕੋਈ ਠਹਿਰਨਾ ਨਹੀਂ ਪਾਵੰਦਾ। ਸਹਿਆ ਲਲਕਾਰੇ ਵਾਜਾਂ ਮਾਰੇ ਖੜਾ ਰਾਹ ਉਤੇ ਆਓ ਮੇਰੇ ਪਾਸ ਜੋ ਹੈ ਮੇਰਾ ਮਾਸ ਖਾਵੰਦਾ। ਸੋਤਾ ਸਿੰਘ ਘਰ ਸਾਹਿਬ ਪਹੁੰਚਿਆ ਸੀ ਖਾਬ ਵਿਚ ਦੇਖ ਕੇ ਵਿਆਹ ਫੇਰ ਖੁਸ਼ੀਆਂ ਮਨਾਵੰਦਾ॥ ਕਬਿੱਤ॥ ਕੰਗਲੇ ਨੂੰ ਬਾਦਸ਼ਾਹੀ ਦੇਖਿਆ ਤਖਤ ਮਿਲਾ ਪੰਜ ਹਥਿਆਰ ਲਾਕੇ ਹੁਕਮ ਚਲਾਵੰਦਾ। ਡੈਣ ਪਾਏ ਪਲ ਮੁਖ ਦੇਖਿਆ ਛਿਪਾਏ ਬੈਠੀ ਆਖਦੀ ਪੁਕਾਰ ਖੌਫ ਮੁੰਡਿਆਂ ਥੋਂ ਆਂਵਦਾ। ਚਾਲੀ ਗੰਜ ਜੋੜ ਕਾਰੂੰ ਦੇਖਿਆ ਫਕੀਰ ਹੂਆ ਮੰਗਦਾ ਜਹਾਨ ਕੋਈ ਖੈਰ ਨਹੀਂ ਪਾਵੰਦਾ। ਸੋਤਾ ਸਿੰਘ ਘਰ ਸਾਹਿਬ ਪਹੁੰਚਿਆ ਸੀ ਖਾਬ ਵਿਚ ਦੇਖ ਕੇ ਵਿਆਹ ਫੇਰ ਖੁਸ਼ੀਆਂ ਮਨਾਵੰਦਾ॥ ਕਬਿੱਤ॥ ਸੁਕ ਗਿਆ ਨੀਰ ਨਾ ਸਮੁੰਦ ਵਿੱਚ ਦਿਸੇ ਪਾਣੀ ਹਾੜ੍ਹ ਦੇ ਮਹੀਨੇ ਤਾਂ ਵਰਫ ਜੰਮ ਜਾਵੰਦਾ। ਕਦੇ ਬਾਦਸ਼ਾਹ ਤਾਂ ਕੰਗਾਲ ਕਦੇ ਦੇਸ ਦਾ ਸੀ ਸੁਫਨੇ ਦਾ ਹਾਲ ਫੇਰ ਲਿਖਿਆ ਨਾ ਜਾਵੰਦਾ। ਡਾਵਾਂ ਡੋਲ ਫੇਰ ਗੋਤੇ ਖਾਂਵਦਾ ਮਦਾਨ ਵਿਚ ਬੈਠ ਕੇ ਬਿਬਾਨ ਤਾਂ ਬਕੁੰਠ ਕਦੇ ਜਾਵੰਦਾ। ਸੋਤਾ ਸਿੰਘ ਘਰ ਸਾਹਿਬ ਪਹੁੰਚਿਆ ਸੀ ਖਾਬ ਵਿਚ ਦੇਖ ਕੇ ਵਿਆਹ ਫੇਰ ਖੁਸ਼ੀਆਂ ਮਨਾਵੰਦਾ॥ ਕਬਿੱਤ॥ ਔਰਤਾਂ ਦਾ ਕਠ ਜਦੋਂ ਦੇਖਿਆ ਤਮਾਮ ਹੂਆ ਦੋਸਤਾਂ ਦੇ ਪਾਸ ਬਾਤ ਚੀਤ ਹੈ ਸੁਨਾਵੰਦਾ। ਘਰ ਮੇਰੇ ਹੈ ਵਿਆਹ ਬਹੁਤ ਮੇਰੇ ਮਨ ਚਾਹ ਤੁਸੀ ਖਾਓ ਮੇਰੇ ਯਾਰ ਜੋ ਤੁਹਾਡਾ ਦਿਲ ਚਾਵੰਦਾ।

ਰੰਗ ਔਰਤਾਂ ਵਟਾਏ ਗਹਿਣੇ ਕਪੜੇ ਸਜਾਏ ਫੇਰ ਬੈਠ ਕੇ ਤਾਂ ਦੇਖੋ ਗਲ ਫੁਲਾਂ ਹਾਰ ਪਾਂਵਦਾ। ਸੰਤਾ ਸਿੰਘ ਘਰ ਸਾਹਿਬ ਪਹੁੰਚਿਆ ਸੀ ਖਾਬ ਵਿਚ ਦੇਖਕੇ ਵਿਆਹ ਫੇਰ ਖੁਸ਼ੀਆਂ ਮਨਾਂਵਦਾ॥ ਕਬਿੱਤ॥ ਖਾਬ ਵਿਚ ਦੇਖਦੇ ਜੋ ਖੁਸ਼ੀਆਂ ਹਮੇਸ਼ ਯਾਰੋ ਇਕ ਦਿਨ ਖਤ ਸੁਭੇ ਸੋਗ ਵਾਲਾ ਆਂਵਦਾ। ਰਾਤ ਹੀ ਸੁਨੇਹਾ ਭੌਰ ਸੁਤਿਆਂ ਨੂੰ ਦੇਵੇ ਆਨ ਖਾਬ ਦਾ ਖਿਆਲ ਕਰ ਦਿਲ ਸੇ ਭੁਲਾਂਵਦਾ। ਰਾਤ ਸੁਤਾ ਦੇਖ ਲੈ ਤੁਮਾਮ ਗਮੀ ਆਦਮੀ ਜੋ ਦਿਨੇ ਤਾਂ ਜਰੂਰ ਖਤ ਖੁਸ਼ੀਆਂ ਦਾ ਆਂਵਦਾ। ਸੰਤਾ ਸਿੰਘ ਘਰ ਸਾਹਿਬ ਪਹੁੰਚਿਆ ਸੀ ਖਾਬ ਵਿਚ ਦੇਖਕੇ ਵਿਆਹ ਫੇਰ ਖੁਸ਼ੀਆਂ ਮਨਾਂਵਦਾ।

ਕਬਿੱਤ॥ ਚਲਦੀ ਨਾ ਗੋਲੀ ਨਾਲੀ ਰੋਕੀ ਪਿਸਤੌਲ ਵਿਚੋਂ ਡਿਗੀ ਸ਼ਮਸ਼ੇਰ ਹਥੋਂ ਜਮੀਨ ਉਤੇ ਜਾਇਕੇ। ਭਜਾ ਜਾਂਦਾ ਸੂਰਮਾਂ ਮਦਾਨ ਵਿਚੋਂ ਦੇਖਿਆ ਸੀ ਰੋਕਿਆ ਬਥੇਰਾ ਦਿਲ ਡਰ ਗਿਆ ਆਇਕੇ। ਵਿਚ ਤਾਂ ਮਦਾਨ ਦੇ ਫਸਾਦ ਹੁੰਦਾ ਦੇਖਿਆ ਸੀ ਮਸਾਂ ਮਸਾਂ ਆਇਆ ਜਾਨ ਆਪਣੀ ਬਚਾਇਕੇ। ਰੁਕੇ ਹਥਿਆਰ ਨਾ ਮਦਾਨ ਵਿਚ ਦੇਨ ਕੰਮ ਸੰਤਾ ਸਿੰਘ ਪਾਸੋਂ ਹਾਲ ਪੁਛ ਲਿਓ ਜਾਇਕੇ॥ ਕਬਿਤ॥ ਕਦੇ ਤਾਂ ਸਮੁੰਦਰਾਂ ਥੋਂ ਪਾਰ ਦਿਲ ਜਾਂਵਦਾ ਜੇ ਕਦੇ ਯਾਰੋ ਜੰਗਲਾਂ ਦੇ ਵਿਚ ਧਕੇ ਖਾਂਵਦਾ। ਆਦਮੀ ਦਾ ਦਿਲ ਯਾਰੋ ਰੁਕਦਾ ਨਾ ਬੇਈਮਾਨ ਚਾਰੋਂ ਹੀ ਤਰਫ ਦਿਨੇ ਰਾਤ ਧਕੇ ਖਾਂਵਦਾ। ਸੁਫਨੇ ਦੇ ਵਿਚ ਯਾਰੋ ਦੇਸ ਪਰਦੇਸ ਫਿਰੇ ਕਦੇ ਅਮਰੀਕਾ ਤਾਂ ਅਫਰੀਕਾ ਦੇਸ ਜਾਂਵਦਾ। ਸੰਤਾ ਸਿੰਘ ਖੇਡ

ਆਇਆ ਖ੍ਵਾਬੋਂ ਉਠ ਘਬਰਾਇਆ ਨਾ ਨਜਰ ਕੁਛ ਆਇਆ ਦਿਲ ਗੰਮ ਲਗ ਜਾਂਵਦਾ ॥

ਸੁਭੇ ਖਾਨਿ ਜਨਿਆਨ ਸੇ ਉਠਕੇ ਤਾਂ ਦਸਤੇ ਅਰਜੂਨ ਨੂੰ ੧੧ ਦਿਸੰਬ੍ਰ ੧੯੧੨ ਨੂੰ ਜਾਣਾ ਤਾਂ ਰਸਤੇ ਮੇਂ ਲੜਾਈ ਹੋਣੀ ਡਾਕੂਆਂ ਦੇ ਸਾਥ ਤਾਂ ਸਾਹਿਬ ਨੇ ਮਾਰੇ ਜਾਣਾ।

ਕਬਿਤ ॥ ਸੁਭੇ ਉਠਕੇ ਤਾਂ ਯਾਰ ਫੇਰ ਹੋਂਵਦੇ ਤਿਆਰ ਦਿਲ ਕਰੀਂ ਨਾ ਵਿਚਾਰ ਜ਼ਮਾਦਾਰ ਨੂੰ ਬੁਲਾਂਵਦੇ। ਸੇਖਾਂ ਦੇ ਸਕੌਟ ਨੂੰ ਫਲੈਂਕ ਉਤੇ ਭੇਜ ਦੇਨੇ ਜਮਾਦਾਰ ਤਾਈਂ ਸਾਹਿਬ ਹੁਕਮ ਸੁਨਾਂਵਦੇ। ਦੋ ਤਾਂ ਜੁਵਾਨ ਸਾਥ ਆਪਨੇ ਲਿਜਾਈਂ ਅਗੇ ਬਾਂਕੀ ਦੇ ਜੁਵਾਨ ਪਾਸ ਆਪਨੇ ਰਖਾਂਵਦੇ। ਸੰਤਾ ਸਿੰਘ ਸੇਖ ਤਾਂ ਤਮਾਮ ਸਾਹਿਬ ਵੰਡ ਦਿਤੇ ਖਚਰਾਂ ਦੇ ਸਾਥ ਜ਼ੀ ਟਿਵਾਨੇ ਛਡ ਜਾਂਵਦੇ॥ ਕਬਿੱਤ ॥ ਜਦੋਂ ਨਦੀ ਵਿਚ ਆਏ ਡਿਸਮੌਂਟ ਨੇ ਕਰਾਏ ਫੇਰ ਪਾਣੀਜੀ ਪਿਲਾਓਂ ਸਾਹਿਬ ਲੋਕ ਨੇ ਬਤਾਂਵਦੇ। ਅਗੇ ਨੇ ਪਹਾੜ ਹੋਕੇ ਚਲਣਾ ਹੁਸ਼ਿਆਰ ਤੁਸੀ ਸੋਚ ਲਿਓ ਆਪ ਸਾਹਿਬ ਦੋਨੋਂ ਜੀ ਸੁਨਾਂਵਦੇ। ਤਬ ਤਕ ਹਿਲਕੇ ਨਾ ਨਦੀ ਵਿਚੋਂ ਜਾਵਣਾ ਹੈ ਜਬ ਤਕ ਪਿਛੋਂ ਨਾ ਸਮਾਨ ਲੈਕੇ ਆਂਵਦੇ। ਸੰਤਾਸਿੰਘ ਨਦੀ ਵਿਚ ਬੈਠ ਕੇ ਉਡੀਕ ਦੇਨੇ ਖਚਰਾਂ ਸਮਾਨ ਤਾਂ ਟਿਵਾਨੇ ਸਾਰੇ ਆਂਵਦੇ ॥ ਕਬਿੱਤ ॥ ਹੋਕੇ ਅਸਵਾਰ ਤਾਂ ਨਦੀ ਦੇ ਵਿੱਚੋਂ ਚਲਦੇ ਨੇ ਅਗੇ ਤਾਂ ਪਹਾੜ ਖੜੇ ਬਾਏਂ ਬੰਨੇ ਆਂਵਦੇ। ਦੋ ਤਾਂ ਸਕਾਟ ਪਹਿਲਾਂ ਬਾਏਂ ਬੰਨੇ ਭੇਜ ਦਿਤੇ ਤੀ ਸਰਾਸਰਾਟ

ਪੂਰਨ ਸਿੰਘ ਨੂੰ ਭਜਾਵੰਦੇ। ਰਬ ਦਾ ਹਵਾਲ ਨਾ ਮਾਲੂਮ ਹੋਵੇ ਆਦਮੀ ਨੂੰ ਰਸਤੇ ਦੇ ਉਤੇ ਦੋਨੋ ਯਾਰ ਤੁਰੇ ਜਾਵੰਦੇ॥ ਸੰਤਾ ਸਿੰਘ ਪਹਾੜੀਆਂ ਦਾ ਆਵੇ ਨਾ ਸ਼ੁਮਾਰ ਕੋਈ ਦੋਵੇਂ ਸਕਾਟ ਰਟੈਰ ਪਿਛੇ ਆਵੰਦੇ॥ ਕਬਿੱਤ ॥ ਬਿਸ਼ਨ ਸਿੰਘ ਅਸਵਾਰ ਜੋ ਸਕਾਟ ਬਾਏਂ ਭੇਜਿਆ ਸੀ ਅਰਜਨ ਸਿੰਘ ਸਾਥ ਜੋ ਰਟੈਰ ਕਰ ਆਵੰਦੇ। ਬਾਇਆਂ ਛਡਕੇ ਫਲੈਂਕ ਫੇਰ ਝਟ ਮਿਲੇ ਆਨ ਹਾਲ ਆਪਨਾ ਤਮਾਮ ਜਾਕੇ ਸਾਹਿਬ ਨੂੰ ਸੁਨਾਵੰਦੇ। ਬਾਏਂ ਮਲੇ ਨੇ ਪਹਾੜ ਕੁਛ ਆਵੇ ਨਾ ਸ਼ੁਮਾਰ ਸਾਨੂੰ ਐਤਨਾ ਮਾਲੂਮ ਸਬ ਡਾਕੂ ਨਜਰ ਆਵੰਦੇ। ਅਸੀ ਗਏ ਬਹੁਤ ਦੂਰ ਸਾਡਾ ਜ਼ਰਾ ਨਾ ਕਸੂਰ ਅਜ ਮਰਦੇ ਜਰੂਰ ਜੇ ਪਹਾੜ ਚੜ੍ਹ ਜਾਵੰਦੇ॥ ਕਬਿੱਤ ॥ ਸਾਹਿਬ ਆਖਦਾ ਪੁਕਾਰ ਤੁਸੀ ਆਓ ਮੇਰੇ ਨਾਲ ਬਾਏਂ ਭੇਜਿਆ ਸੁਵਾਰ ਪੂਰਨ ਸਿੰਘ ਨੂੰ ਭਜਾਇਕੇ। ਕਿਤੇ ਜਾਵੇ ਨਹੀਂ ਦੂਰ ਸਾਨੂੰ ਮਿਲਜਾਏ ਜਰੂਰ ਅਗੇ ਦਿਸਦਾ ਮਦਾਨ ਓਸ ਜਗਾ ਫੇਰ ਆਇਕੇ। ਅਗੇ ਰਸਤਾ ਖਰਾਬ ਫੇਰ ਚੜ੍ਹਿਆ ਪਹਾੜ ਸਾਹਿਬ ਆਖਦਾ ਸੀ ਤਾੜ ਪਰੇ ਡਾਕੂ ਦੇਖਾਜਾਇਕੇ। ਮੇਜਰ ਆਖਿਆ ਪੁਕਾਰ ਸੰਤਾਸਿੰਘ ਗਿਆ ਤਾੜ ਪੂਰਨ ਸਿੰਘ ਅਸਵਾਰ ਗਿਆ ਘੋੜੇ ਨੂੰ ਭਜਾਇਕੇ॥

ਸ਼ੁਰੂ ਹੋਣੀ ਲੜਾਈ।

ਕਬਿਤ ॥ ਪਹੁੰਚੇ ਜਾਂ ਮਦਾਨ ਗੋਲੀ ਡਿਗੀ ਕੋਲ ਆਨ ਕੇ ਤੇ ਛੜੀ ਅਨਜਾਨ ਪਈ ਘੋੜੇ ਪਾਸ ਆਇਕੇ। ਇਕ ਹੋਰ ਜਾਂ ਚਲਾਈ ਓਵੀ ਕੋਲ ਦੀ ਲੰਘਾਈ ਸਾਹਿਬ ਆਖਦਾ

ਦੁਹਾਈ ਹਥ ਆਪਨਾ ਉਠਾਇਕੇ। ਫੇਰ ਸ਼ੁਰੂ ਹੋਈ ਆਨ ਕੋਈ ਗਿਨਤੀ ਨਾ ਝਟ ਹੁਕਮ ਸੁਨਾਇਆ ਡਿਸਮੌਂਟ ਜੀ ਕਰਾਇਕੇ। ਡਿਸਮੌਂਟ ਜਾਂ ਕਰਾਏ ਘੋੜੇ ਇਕ ਨੂੰ ਫੜਾਏ ਉਤੇ ਟਿਕਰੀ ਝੜਾਏ ਸੈਤਾ ਸਿੰਘ ਝਟ ਜਾਇਕੇ ॥ਕਬਿੱਤ॥ ਇਕ ਫੁਟ ਸੀ ਦਲੇਰ ਜਰਾ ਕਰਦਾ ਨਾ ਡੇਰ ਝਟ ਕਢ ਪਸਤੌਲ ਉਤੇ ਟਿਕਰੀ ਦੇ ਜਾਵੰਦਾ। ਦੇਖੀ ਪਥਰਾਂ ਦੀ ਆੜ ਝਟ ਡਾਕੂ ਲਏ ਤਾੜ ਫੇਰ ਹੋਕੇ ਜੀ ਹੁਸ਼ਿਆਰਸਾਹਿਬ ਫੈਰ ਸੀ ਕਰਾਵੰਦਾ। ਇਕ ਫੁਟ ਅਗੇ ਜਾਵੇ ਸਾਥ ਬਿਸ਼ੂ ਨੂੰ ਲਿਜਾਵੇ ਪਾਸ ਆਪਨੇ ਬੈਠਾਵੇਫੇਰ ਗੋਲੀਆਂ ਚਲਾਵੰਦਾ। ਭਰ ਪਸਤੌਲ ਗੋਡਾ ਮਾਰਿਆ ਜਮੀਨ ਉਤੇ ਸੈਤਾ ਸਿੰਘ ਕਾਲ ਗੋਲੀ ਛਾਤੀ ਵਿਚ ਲਾਵੰਦਾ॥ ਕਬਿੱਤ ॥ ਲਗੀ ਜਦੋਂ ਗੋਲੀ ਸਾਹਿਬ ਗਿਰਿਆ ਜਮੀਨ ਉਤੇ ਗਿਰਦੇਈ ਸਾਰ ਵਾਜ ਕੇਟਲੀ ਨੂੰ ਮਾਰਦਾ। ਕੋਟਵਲ ਸਾਹਿਬ ਨਾ ਨਜਰ ਆਇਆ ਓਸ ਵੇਲੇ ਜਿਮੀ ਉਤੇ ਪਿਆਮੁਖੋਂਪਾਨੀ ਸੀ ਪੁਕਾਰਦਾ। ਬਿਸ਼ਨ ਸਿੰਘ ਨੇ ਉਠਾਇਆ ਪਾਣੀ ਮੁਖ ਵਿਚ ਪਾਇਆ ਸਾਥ ਛਾਤੀ ਦੇ ਲਗਾਇਆ ਸਾਹਿਬ ਚਿਤ ਮੇਂ ਵਿਚਾਰਦਾ। ਕੋਟਵਲ ਨਾ ਨਾਜੀਕ ਜੋੜਾ ਦਿਲ ਦਾ ਰਫੀਕ ਸੈਤਾ ਸਿੰਘ ਕਹੇ ਠੀਕ ਭੌਰ ਧੋਖਾ ਹੈ ਗੁਜਾਰਦਾ॥

ਕਬਿੱਤ॥ ਹੋਵੇ ਜੋਰ ਦੀ ਲੜਾਈ ਨਾ ਖਬਰ ਕਿਸੇ ਪਾਈ ਬਿਸ਼ਨ ਸਿੰਘ ਅਸਵਾਰ ਪਾਸ ਸਾਹਿਬ ਦੇ ਪੁਕਾਰਦਾ। ਜਿੰਦ ਬਹੁਤ ਹੈ ਪਿਆਰੀ ਵਾਜ ਕੇਟਲੀ ਨੂੰ ਮਾਰੀ ਆਖੇ ਮਾਰ ਗਿਆ ਭਾਈ ਮਜ਼ਾ ਦੇਖਲੈ ਸ਼ਿਕਾਰ ਦਾ। ਬਹਿਰਾ

ਸਾਹਿਬ ਦਾ ਸੀ ਆਇਆ ਪਾਨੀ ਭਜਕੇ ਲਿਆਇਆ ਝਟ ਮੁਖ ਵਿਚ ਪਾਇਆ ਰਬ ਖ਼ੂੰਨ ਹੈ ਗੁਜਾਰਦਾ । ਸੰਤਾਸਿੰਘ ਨੇ ਸੁਨਾਇਆ ਸਾਹਿਬ ਮੈਹਜਰ ਨਾ ਆਇਆ ਸਾਹਿਬ ਫੇਰ ਘਬਰਾਇਆ ਭੌਰ ਧੋਖਾ ਹੈ ਗੁਜਾਰਦਾ ॥

ਸਾਹਿਬ ਨੇ ਮਰਜਾਨਾ ਤਾਂ ਬੁਤ ਮੇ ਭੌਰ ਨੇ ਪਰੀਤ
ਤੋੜਕੇ ਜਬਾਬ ਦੇਨਾ ॥ ਕਬਿਤ ॥

ਸਾਹਿਬ ਮਰਿਆ ਜਰੂਰ ਲਿਖਾਂ ਜ਼ਰਾ ਨਾ ਕਸੂਰ ਹੋਣੀ ਫੜਕੇ ਜਰੂਰ ਅਜ ਗਈ ਧੌਂਨ ਤੋੜਕੇ । ਮਾੜੀ ਤਕਦੀਰ ਧੀਰ ਦੇਵੇ ਕੌਣ ਏਸ ਵੇਲੇ ਨਿਕਲੇ ਪਰਾਂਨ ਜੀ ਲਿਆਵੇ ਕੌਨ ਮੋੜਕੇ । ਜੰਗਲਾਂ ਦੇ ਵਿਚ ਨਿਤ ਕਰਦਾ ਖਵਾਰ ਮਿਤ ਮਸਾਂ ਮਸਾਂ ਹੋਇਆ ਹਾਂ ਅਲਗ ਹਥ ਜੋੜਕੇ ॥ ਸੰਤਾ ਸਿੰਘ ਨਿਤ ਦਾ ਅਕਾ ਬੁਰਾ ਜਿੰਦੜੀ ਨੂੰ ਮਸਾਂ ਮਸਾਂ ਚਲਿ-ਆ ਪਰੀਤ ਭੌਰ ਤੋੜਕੇ ॥ ਕਬਿੱਤ ॥ ਚਕੀ ਜਾਂ ਬੰਦੂਕ ਪੰਛੀ ਉਡਿਆ ਉਡਾਰੀ ਮਾਰ ਦੇਖ ਨਾਗ ਆਦਮੀ ਨੂੰ ਦੂਰੋਂ ਗਿਆ ਦੌੜਕੇ । ਮੌਤ ਦੂਰੋਂ ਦੇਖ ਜਿੰਦ ਨਸਦੀ ਖਡੋਲੇ ਵਿਚ ਵਿਸ਼ੇ ਜਿਵੇਂ ਨਸਦੇ ਵੈਰਾਗ ਕੋਲੋਂ ਕੋੜਕੇ। ਰੋਗ ਜਿਵੇਂ ਨਸਦਾ ਔਸ਼ਦੀ ਨੂੰ ਦੇਖ ਦੂਰੋਂ ਸੁਫਨਾ ਹਮੇਸ਼ ਜਾਂਦਾ ਜਾਗ ਕੋਲੋਂ ਦੌੜਕੇ। ਸੰਤਾਸਿੰਘ ਮਾਇਆ ਜਿਵੇਂ ਨਸਦੀ ਤਿਆਗੀਆਂ ਥੋਂ ਬੁਤ ਨਾਲੋਂ ਚਲਿਆ ਪਰੀਤ ਭੌਰ ਤੋੜਕੇ ॥ ਕਬਿੱਤ ॥ ਜੰਗ ਜੋਰ ਦੇਖਕੇ ਤਾਂ ਕਾਇਰ ਜਿਵੇਂ ਨਸਦਾ ਹੈ ਤਿਵੇਂ ਕਾਗ ਦੇਖ ਹੰਸ ਦੂਰੋਂ ਗਿਆ ਦੌੜਕੇ। ਨਸਗਿਆ ਸਪ ਜਾਂ ਗਰੜ ਨੂੰ ਦੇਖਿਆ ਸੀ ਰਾਤ ਛਿਪ ਜਾਂਦੀ ਜਾਂ ਸੁਵੇਰ ਆਵੇ ਮੋੜ

ਕੇ। ਦੇਖ ਬਘਿਆੜ ਫੇਰ ਬਕਰੀ ਵੀ ਨਸਦੀਆਂ ਸ਼ੇਰਲਿਆ ਵੇਖ ਗਊ ਦੂਰੋਂ ਗਈ ਦੌੜਕੇ। ਸੰਤਾਸਿੰਘ ਜੈਨੀਆਂ ਮਾਸ ਤੇ ਸ਼ਰਾਬ ਕੋਲੋਂ ਬੁਤ ਨਾਲੋਂ ਚਲਿਆ ਪਰੀਤ ਭੌਰ ਤੋੜਕੇ॥ ਕਬਿਤ॥ ਨਸਦਾ ਫਕੀਰ ਜਿਥੇ ਦੂਈਦਾ ਵੀ ਹੋਵੇ ਜੋਰ ਦੋਸਤੀ ਨਿਸੰਗ ਨਸੇ ਮੇਰ ਤੇਰ ਤੋੜਕੇ। ਨਸਦਾ ਹੈ ਝੂਠ ਜਿਥੇ ਸਚਿਆਂ ਦੀ ਹੋਵੇ ਪਰੈ ਠੇਕ ਨਸ ਜਾਵੇ ਜਾਂ ਇਲਜਾਂਮ ਲਗੇ ਜੋੜਕੇ। ਨਸ ਜਾਂਦਾ ਚੋਰ ਜਿਥੇ ਚਾਂਨਨੀ ਦਾ ਹੋਵੇ ਜੋਰ ਸੁਬਾ ਨਸ ਜਾਦੀਆਂ ਹਮੇਸ਼ ਸ਼ਾਮ ਮੋੜਕੇ। ਬੇਈਮਾਨ ਨਸਿਆ ਕੁਰਾਂਨ ਤਾਂ ਕਲਾਂਮ ਕੋਲੋਂ ਸੰਤਾਸਿੰਘ ਬੁਤ ਨਾਲੋਂ ਚਲਿਆ ਪਰੀਤ ਭੌਰ ਤੋੜਕੇ॥ ਕਬਿਤ॥ਨਸ ਜਾਂਦੀ ਦਯਾ ਜਿਥੇ ਲੋਭ ਹੋਵੇ ਦਿਨੇ ਰਾਤ ਧਰਮ ਕ੍ਰੋਧ ਕਾਂਮ ਗਿਆ ਹਥ ਜੋੜਕੇ। ਸੰਤ ਫਕੀਰ ਸਬ ਨਸਦੇ ਨੇ ਵੈਰ ਕੋਲੋਂ ਦੁਸ਼ਮਨ ਜਾਂਦਾ ਨਸ ਸ਼ਮਸ਼ੇਰ ਯਾਰੋ ਤੋੜਕੇ। ਕਰੀਏ ਭਜਨ ਕਿਤੇ ਇਕ ਮਨ ਬੈਠਕੇ ਜੀ ਨਸਜਾਂਦਾ ਪਾਪ ਨਾਮ ਅਗੇ ਹਥ ਜੋੜਕੇ। ਰਾਵਨ ਮਦਾਨ ਵਿਚੋਂ ਰਾਮ ਅਗੇ ਨਸਿਆ ਸੀ ਬੁਤ ਨਾਲੋਂ ਚਲਿਆ ਪਰੀਤ ਭੌਰ ਤੋੜਕੇ॥ ਦੋਹਰਾ॥ ਪਿਛਲਾ ਹਾਲ ਤੂੰ ਛਡਕੇ ਅਗੇ ਦੀ ਦਸ ਕਾਰ। ਭੌਰ ਬੁਤਨੂੰ ਛਡਕੇ ਹੋਖਲੋਤਾ ਬਾਰ॥

ਬੁਤ ਨੇ ਜਾਂਦੀ ਵਾਰ ਦੀ ਰੂਹ ਅਗੇ ਪੁਕਾਰ ਕਰਨੀ।

ਕਬਿੱਤ॥ ਜਾਂਦੀ ਵੇਰ ਬੁਤ ਨੇ ਪੁਕਾਰ ਕੀਤੀ ਰੂਹ ਅਗੇ ਤੂੰ ਬੀ ਮੇਰਾ ਯਾਰ ਫੇਰ ਬਨੀ ਤੇ ਬਨਾਵੰਦਾ। ਵਾਸਤੇ ਖ਼ੁਦਾ ਦੇ ਯਾਰ ਛਡਕੇ ਨਾ ਜਾਈਂ ਮੈਨੂੰ ਹੁੰਦੀ ਜੇ ਮਾਲੂਮ ਤਾਂ ਮੁਹਬਤਾਂ ਨਾ ਪਾਵੰਦਾ। ਦਸ ਜਾ ਮੁਕਾਮ ਜਿਥੇ ਕਰੇਂਗਾ

ਅਰਮਾਨ ਯਾਰ ਹੁੰਦਾ ਜੇ ਮਾਲੂਮ ਨਾ ਮੈਂ ਤੇਰੇ ਨਾਲ ਆਂਵਦਾ।
ਮੇਰੇ ਨਾਲੋਂ ਤੋੜ ਲੜ, ਕਿਥੇ ਲਿਆ ਜੋੜ ਯਾਰ ਸੰਤਾਸਿੰਘ
ਪਾਸੋਂ ਮੁਖ ਕਾਸਨੂੰ ਛਿਪਾਵੰਦਾ॥ ਕਬਿੱਤ॥ ਓੜਕ ਨਭਾਈਏ
ਜੇ ਲਗਾਈਏ ਯਾਰੀ ਕਿਸੇ ਨਾਲ ਰਸਤੇ ਦੇ ਵਿਚ ਹਫਾ
ਧੋਖਾ ਨਾ ਕਮਾਵਣਾ। ਤਰਸ ਦੀਆਂ ਜਾਨ ਯਾਰੋ ਲਬਤਾਂ
ਪਈ ਤਾਨ ਵਿਚ ਰਹਿਨਾ ਪਰਾਨ ਸਾਨੂੰ ਕਿਸਨੇ ਉਠਾਵਣਾ।
ਕਿਸਦੇ ਹੁਵਾਲੇ ਕਰ ਚਲਿਆ ਏ ਮੈਨੂੰ ਯਾਰ ਪੁਛਦਾਏ ਬੁਤ
ਰੂਹਾ ਇਕ ਵਾਰ ਆਵਣਾ। ਕੰਮ ਨਾ ਅਸੀਲਾਂ ਦਾਏ
ਲਗੀਆਂ ਨੂੰ ਤੋੜ ਦੇਣਾ ਆਕਰੀ ਆਖੀਰ ਸੰਤਾ ਸਿੰਘ ਪਛੋ
ਤਾਵਣਾ ॥ ਕਬਿਤ ॥ ਦੋਸਤਾਂ ਪਿਆਰਿਆਂ ਨੂੰ ਦਗਾ ਬੁਰਾ
ਹੁੰਦਾ ਦੇਨਾ ਕੰਮ ਨਾ ਅਸੀਲਾਂ ਦਾ ਯਠਾਨਾ ਛਡ ਜਾਵਣਾ।
ਫੜਿਆ ਸੀ ਲੜ ਯਾਰ ਜਗਾ ਤੂੰ ਪਚਾਉਦੋਂ ਕਿਤੇ ਵਿਚ
ਤਾਂ ਉਜਾੜ ਮਾਸ ਗਿਦੜਾਂ ਨੇ ਖਾਵਣਾ। ਤੇਰੇ ਬਿਨਾ ਦੇਹ
ਖੇਹ ਹੋਵੇਗੀ ਉਜਾੜ ਵਿਚ ਮੰਨ ਲੈ ਸੁਵਾਲ ਇਕ ਫੇਰ
ਫੇਰਾ ਪਾਵਣਾ। ਆਵਣਾ ਨ ਹਡ ਚੰਮ ਕੰਮ ਸੋਹਣਾ ਰੂਪ
ਰੂਹ ਦੇ ਬਗੈਰ ਸੰਤਾਸਿੰਘ ਹੈ ਡਰਾਵਣਾ ॥ ਕਬਿਤ ॥ ਕਰਾਂ
ਅਰਜੋਈ ਮੈਨੂੰ ਕਿਤੇ ਨਹੀਂ ਢੋਈ ਤਾਂ ਨਮਾਨੀ ਅਜ ਹੋਈ
ਤੇਰੇ ਬਾਝ ਮੈਂ ਦੀਦਾਰ ਦੇ। ਲੜ ਤੂੰ ਫੜਾ ਜਾ ਮੇਰਾ ਜਿਸਨੂੰ
ਫੜਾਵਣਾ ਜੀ ਦੇ ਤੂੰ ਜਵਾਬ ਜਾਂ ਮਦਾਨ ਵਿਚ ਮਾਰ ਦੇ।
ਤੇਰਾ ਕਿਹਾ ਮੰਨਿਆ ਉਜਾੜ ਮੈਂ ਕਬੂਲ ਕੀਤੀ ਚਾਹੇ ਕਰ
ਮਾਫ ਚਾਹੇ ਸੂਲੀ ਉਤੇ ਚਾੜ੍ਹਦੇ। ਲਿਖੀ ਤਕਦੀਰ ਦੀ ਨਾ
ਸੰਤਾਸਿੰਘ ਫੇਰ ਸਕੇ ਜ਼ਿਮੀਂ ਵਿਚ ਦਬਚਾਹੇ ਅਗ ਵਿਚ ਸਾੜ

ਦੇ ॥ ਕਬਿਤ ॥ ਹਥ ਜੋੜ ਫੇਰ ਬੁਤ ਰੂਹ ਨੂੰ ਪੁਕਾਰ ਕੀਤੀ ਅਰਜ਼ ਕਬੂਲ ਮੇਰੀ ਮਾਈ ਪਾਸ ਜਾਵਣਾ। ਦਸਨਾ ਸਨੇਹਾ ਜਾਕੇ ਅੰਮੜੀ ਪਿਆਰੜੀ ਨੂੰ ਰਖੇ ਮੈਨੂੰ ਯਾਦ ਫੇਰ ਮਨੋਂ ਨਾ ਭੁਲਾਵਣਾ। ਪਹਿਲੇ ਹਥ ਜੋੜ ਮੇਰੀ ਮਾਈ ਨੂੰ ਸਲਾਮ ਆਖੀਂ ਫੇਰ ਹਥ ਜੋੜ ਹਾਲ ਬੀਤਿਆ ਸੁਨਾਵਣਾ। ਜਾਵਣਾ ਜ਼ਰੂਰ ਮੇਰੀ ਉਡੀਕ ਦੀ ਨਾ ਰਹੇ ਮਾਈ ਸੰਤਾ ਸਿੰਘ ਬਦਾਤੇਰਾ ਹੋਗਿਆ ਪਰਾਵਣਾ ॥ ਦੋਹਰਾ ॥ ਰੂਹ ਵਲ ਵਲੈਤ ਦੇ ਹਾਲ ਜਾਇਗਾ ਕੈਣ। ਕੋਟਵਲ ਭੀ ਆਇਕੇ ਇਕ ਭੂਟ ਸਾਹਿਬ ਮੋਇ ਨੂੰ ਦੇਖਕੇ ਮੇਜਰ ਕੋਟਵਲ ਨੇ ਬੈਹਕੇ ਪਾਵੇ ਵੈਣ ॥

ਵਿਰਲਾਪ ਕਰਨਾ ਲੋਥ ਪਰ

ਕਬਿੱਤ ॥ ਪਾਵੰਦਾ ਸੀ ਵੈਣ ਚੈਣ ਆਵੰਦਾ ਨਾ ਚਿਤ ਨੂੰ ਦਸ ਮੇਰੀ ਜਾਨ ਜਾਨ ਕੌਣ ਅਜ ਲੈਗਿਆ। ਆਉਂਦੇ ਨਾ ਸ਼ਕਾਰ ਜੇ ਜਾਣਦੇ ਹਵਾਲ ਯਾਰ ਜਾਣ ਲਗਾ ਕੋਈ ਬਾਤ ਚੀਤ ਨਾ ਤੂੰ ਕਹਿ ਗਿਆ। ਵਿਚ ਤਾਂ ਸ਼ੀਰਾਜ ਕਲ ਕਿਦਾਂ ਜਾਊ ਯਾਰ ਫੇਰ ਮਿਤਰ ਪਿਆਰਾ ਵਿਚ ਜੰਗਲਾਂ ਦੇ ਰਹਿ ਗਿਆ। ਸੰਤਾ ਸਿੰਘ ਗਿਆ ਆ ਹਾਲ ਬੈਠਕੇ ਲਿਖਾ ਯਾਰ ਵਿਚ ਤਾਂ ਈਰਾਨ ਰਬ ਵੈਰ ਸਾਡੇ ਪੈ ਗਿਆ ॥

ਵਿਰਲਾਪ ਕੋਟਵਲ

ਕੋਰੜਾਛੰਦ ॥ ਕੋਟਵਲ ਸਾਹਿਬ ਫੇਰ ਕੋਲ ਬੈਹਗਿਆ। ਦਸ ਮੇਰੀ ਜਾਨ ਜਾਨ ਕੌਣ ਲੈਗਿਆ। ਦਸ ਮੈਂ ਸ਼ੀਰਾਜ ਵਿਚ ਕਿਦਾ ਜਾਊਂਗਾ। ਪਾਸ ਕਰਨੈਲ ਹਾਲ ਕੀ ਸੁਨਾਊਂਗਾ ਮੇਰਾ ਐਰਾਦਾ ਮੇਰੇ ਦਿਲ ਵਿਚ ਰੈ ਗਿਆ। ਦਸ ਮੇਰੀ

ਜਾਨ ਜਾਨ ਕੌਣ ਲੈਗਿਆ । ਹੋਗਿਆ ਦਿਵਾਨਾ ਕੁਛ ਨਹੀਂ
ਭਾਂਵਦਾ । ਮੈਨੂੰ ਕਿਉਂ ਨਾ ਰਬ ਜਿਮੀ ਤੇ ਗਿਰਾਂਵਦਾ। ਸ਼ੌਕ
ਨਾਲ ਆਏ ਗਮਾਂ ਵਿਚ ਪੈਗਿਆ । ਦਸ ਮੇਰੀ ਜਾਨ ਜਾਨ
ਕੌਣ ਲੈਗਿਆ । ਆਪ ਗਿਉਂ ਮਰ ਮੈਨੂੰ ਗਿਉਂ ਮਾਰਕੇ ।
ਆਂਦਾ ਸੀ ਸ਼ੀਰਾਜੋਂ ਸਾਨੂੰ ਹੋਣੀ ਚਾੜ੍ਹਕੇ । ਆਇ ਕੋੜ੍ਹੇਕੰਮ
ਕੰਮ ਹੋਰ ਪੈਗਿਆ । ਦਸ ਮੇਰੀ ਜਾਨ ਜਾਨ ਕੌਣ ਲੈਗਿਆ
। ਹੁੰਦੀ ਹੈ ਲੜਾਈ ਪੇਸ਼ ਨਹੀਂ ਜਾਂਵਦੀ । ਹੋਣੀ ਸਾਡੇ ਉਤੇ
ਚੋਟਾਂ ਹੈ ਚਲਾਂਵਦੀ । ਜਾਣ ਲਗਾ ਯਾਰ ਹਾਲ ਨਾ ਤੂੰ ਕਹਿ
ਗਿਆ । ਦਸ ਮੇਰੀ ਜਾਨ ਜਾਨ ਕੌਣ ਲੈਗਿਆ । ਪਾਂਵਦਾ
ਸੀ ਵੈਣ ਪਾਸ ਬੈਠ ਯਾਰ ਦੇ । ਏਹ ਨੂੰ ਦਿੰਦੇ ਛਡ ਪਾਪੀ
ਮੈਨੂੰ ਮਾਰਦੇ। ਗੋਲੀ ਜਦੋਂ ਲਗੀ ਦੁਖ ਯਾਰ ਸੈ ਗਿਆ ॥
ਦਸ ਮੇਰੀ ਜਾਨ ਜਾਨ ਕੌਣ ਲੈ ਗਿਆ । ਉਠ ਉਨ ਭਜੇ
ਅੱਗੇ ਪਿਛੇ ਜਾਂਵਦਾ । ਫੜਕੇ ਬੰਦੂਕ ਗੋਲੀਆਂ ਚਲਾਂਵਦਾ ।
ਜਾਵੇ ਨਹੀਂ ਪੇਸ਼ ਹਾਰ ਕੇ ਜੀ ਬੈਹ ਗਿਆ। ਦਸ ਮੇਰੀ ਜਾਨ
ਜਾਨ ਕੌਣ ਲੈ ਗਿਆ। ਥੋੜੇ ਜੇਹੇ ਸਿੰਘ ਪੇਸ਼ ਨਹੀਂ ਜਾਂਵਦੀ।
ਡਾਕੂਆਂ ਦੀ ਗੋਲੀ ਮੀਂਹ ਵਾਂਗ ਆਂਵਦੀ । ਲਖਾ ਸਿੰਘ
ਨਾਮ ਸਾਹਿਬ ਸਾਥ ਲੈਗਿਆ । ਦਸ ਮੇਰੀ ਜਾਨ ਜਾਨ ਕੌਣ
ਲੈ ਗਿਆ । ਪਾਸ ਖੜਾ ਰੋਵੇ ਹਥੀਂ ਕਹੇ ਕਾਰ ਨੂੰ। ਆਖਰੀ
ਚੁਕਾਈ ਲੋਥ ਦੋ ਸੁਵਾਰ ਨੂੰ । ਅਜ ਤੇਰੀ ਮਾਂ ਨੂੰ ਵਿਛੋੜਾ ਪੈ
ਗਿਆ। ਦਸ ਮੇਰੀ ਜਾਨ ਜਾਨ ਕੌਣ ਲੈ ਗਿਆ । ਸਾਥ
ਜੋ ਟਿਵਾਣੇ ਸੋ ਰਟੈਰ ਕਰਦੇ। ਦੂਸਰੇ ਪਹਾੜ ਮੋਰਚੇ ਨੇ
ਫੜਦੇ। ਡਾਕੂਆਂ ਦੇ ਉਤੇ ਜੋਰ ਫੇਰ ਪੈਗਿਆ ॥ ਦਸ ਮੇਰੀ

ਜਾਨ ਜਾਨ ਕੌਣ ਲੈ ਗਿਆ। ਸੰਤਾਸਿੰਘ ਹਾਲ ਅਗੇ ਦਾ ਸੁਨਾਵਣਾ। ਸਾਰਿਆਂ ਨੇ ਝਟ ਕਠੇ ਹੁਣ ਜਾਵਣਾ। ਬਹੁਤ ਸੀ ਫਿਕਰ ਸਿੰਘਾਂਨੂੰ ਜੀ ਪੈਗਿਆ। ਦਸਮੇਰੀ ਜਾਨ ਜਾਨ ਕੌਣ ਲੈ ਗਿਆ॥ ਕਬਿੱਤ ॥ ਬਿਸ਼ਨ ਸਿੰਘ ਨਾਮ ਲੋਥ ਚਕਕੇ ਲਿਯਾ ਆ ਬਲੇ ਅਰਜਨਸਿੰਘ ਨਾਮ ਫੇਰ ਸਭ ਨੂੰ ਸੁਨਾਵਾਂ ਗਾ। ਦੇਖਿਆ ਨਾ ਹਾਲ ਅਖੀ ਜਾਇਕੇ ਮਦਾਨ ਵਿਚ ਸੁਨਿਆਂ ਸੁਨਾਇਆ ਹਾਲ ਸਭ ਨੂੰ ਸੁਨਾਵਾਂਗਾ॥ ਸੁਰੈਣ ਸਿੰਘ ਨਾਮ ਜਮਾਦਾਰ ਅਗੇ ਭੇਜਿਆ ਸੀ ਰਾਮਸਿੰਘ ਲਾਂਸ ਮੋੜ ਪਿਛੇ ਨੂੰ ਲਿਆਵਾਂਗਾ। ਇਕ ਢੰਗ ਲਿਖਿਆ ਨਾ ਜਾਵੰਦਾ ਨਿਰੰਜਨ ਸਿੰਘ ਖਚਰਾਂ ਦੇ ਪਾਸ ਹੁਣ ਲੋਥ ਨੂੰ ਪੁਚਾਵਾਂਗਾ॥ ਕਬਿੱਤ॥ ਹਾਲ ਅਗੇ ਦਾ ਸੁਨਾਵਾਂ ਤਾਂ ਬਨਾਵਾਂ ਮੈਂ ਕਬਿਤ ਫੇਰ ਚਕਕੇ ਤਾਂ ਲੋਥ ਵਿਚ ਕਬਰਾਂਦੇ ਪਾਂਵਦੇ। ਝਟ ਪਟ ਸਾਂਭਿਆ ਸਮਾਨ ਸਾਰਾ ਮੂਰਿਆਂ ਨੇ ਕਰਕੇ ਰਟੈਰ ਤਾਂ ਪਿਛੇ ਨੂੰ ਮੁੜ ਜਾਂਵਦੇ। ਦੋ ਤਾਂ ਜੁਵਾਨ ਜਮਾਦਾਰ ਸਾਥ ਲੈ ਗਿਆ ਸੀ ਕਰਕੇ ਰਟੈਰ ਫੇਰ ਓਵੀ ਮੁੜ ਆਂਵਦੇ। ਸਾਂਭਿਆ ਸਮਾਨ ਸਾਰਾ ਖਾਲਸੇ ਨੇ ਆਨ ਯਾਰ ਲਦਕੇ ਤਾਂ ਲੋਥ ਸੰਤਾ ਸਿੰਘ ਤੁਰ ਆਂਵਦੇ॥

ਦੋਹਰਾ॥ ਜਮਾਦਾਰ ਵੀ ਆਇਕੇ ਲਗਾ ਹਾਲ ਜੀ ਕਹਿਣ। ਸਾਹਿਬ ਲਦਿਆ ਦੇਖਕੇ ਕਰਦਾ ਹੈ ਫੇਰ ਵਹਿਣ

ਵਰਲਾਪ ਜਮਾਦਾਰ ਦਾ ਸਾਹਿਬ ਦੀ ਲੋਥ ਪਰ

ਕੋਰੜਾ ਛੰਦ॥ ਥੋੜੇ ਜੇਹੇ ਸੇਖ ਕਠੇ ਹੋਇ ਜਾਂਵਦੇ। ਲਦਕੇ ਤਾਂ ਲੋਥ ਪਾਸ ਵੈਨ ਪਾਂਵਦੇ। ਉਸੀ ਜਗਾ ਫੇਰ

ਜਮਾਦਾਰ ਆਗਿਆ। ਪਾਸ ਖੜਾ ਰੋਵੇ ਤੂੰ ਵਛੋੜਾ ਪਾਗਿਆ।
ਹੁੰਦੀ ਜੇ ਖਬਰ ਨਾ ਮੈਂ ਅਗੇ ਜਾਂਵਦਾ। ਪਾਸ ਤੇਰੇ ਬੈਠ
ਗੋਲੀਆਂ ਚਲਾਂਵਦਾ। ਤੀਰ ਤੂੰ ਵਿਛੋੜੇ ਦਾ ਕਲੇਜੇ ਲਾ
ਗਿਆ। ਪਾਸ ਖੜਾ ਰੋਵੇ ਤੂੰ ਵਛੋੜਾ ਪਾਗਿਆ। ਤਕਦੀਰ
ਮੇਰੀ ਮਾੜੀ ਜੀ ਮੈਂ ਗਿਆ ਛਡਕੇ। ਧੋਖੇਬਾਜ ਯਾਰ ਚੋਰੀ
ਗਿਆ ਭਜਕੇ। ਮੇਰਾ ਕੰਮ ਫੇਰ ਕੁਛ ਨਾ ਬਨਾ ਗਿਆ।
ਪਾਸ ਖੜਾ ਰੋਵੇ ਤੂੰ ਵਛੋੜਾ ਪਾ ਗਿਆ।ਲੋਥ ਘੋੜੇ ਉਤੇ ਖਚਰਾਂ
ਨੂੰ ਹਕਦੇ। ਖਾਨਿ ਜਨਿਆਣ ਵਲ ਰਾਹ ਤਕਦੇ। ਜੰਗਲਾਂ
ਦੇ ਵਿਚ ਯਾਰ ਤੂੰ ਸਮਾ ਗਿਆ। ਪਾਸ ਖੜਾ ਰੋਵੇ ਤੂੰ ਵਛੋੜਾ
ਪਾ ਗਿਆ। ਲਖਾ ਸਿੰਘ ਬਾਤ ਸਚ ਦੀ ਸੁਨਾਈ ਜੀ।
ਖਬਰ ਨਾ ਪੂਰਨ ਦੀ ਕਿਸੇ ਨੂੰ ਕਾਈ ਜੀ। ਪਤਾ ਨਾ ਕਿਸੇ
ਨੂੰ ਜੀ ਕਿਧਰ ਧਾ ਗਿਆ। ਸਾਥ ਆਵੇ ਰੋਂਦਾ ਤੂੰ ਵਛੋੜਾ
ਪਾ ਗਿਆ। ਸਮਝੇ ਨਾ ਸਾਹਿਬ ਫੇਰ ਕੋਈ ਬਾਤ ਜੀ।
ਕੇੜਾ ਪੂਰਨ ਸਿੰਘ ਦਸਿਓ ਸ਼ਤਾਬ ਜੀ। ਜਮਾਦਾਰ ਝਟ
ਸਾਹਿਬ ਪਾਸ ਆਗਿਆ। ਸਾਥ ਆਵੇ ਰੋਂਦਾ ਤੂੰ ਵਛੋੜਾ
ਪਾ ਗਿਆ। ਸ਼ਿਤਾ ਸਿੰਘ ਲਾਂਸ ਜਾਣਦੇ ਹੋ ਆਪ ਜੀ। ਛੋਟਾ
ਭਾਈ ਓਦਾ ਦਸਿਆ ਸ਼ਤਾਬ ਜੀ। ਸੁਣ ਬਾਤ ਸਾਹਿਬ
ਚਿਤ ਵਿਚ ਪਾਗਿਆ। ਸਾਥ ਆਵੇ ਰੋਂਦਾ ਤੂੰ ਵਛੋੜਾ ਪਾ
ਗਿਆ। ਜਮਾਦਾਰ ਤਾਈਂ ਸਾਹਿਬ ਕਿਆ ਕਬ ਜੀ। ਸਾਰੇ ਤੂੰ
ਜੁਵਾਨ ਕਠੇ ਕਰ ਝਬ ਜੀ। ਏਤਾਂ ਸਕੋੜ ਰੈਨ ਕਿਧਰ ਧਾਗਿਆ।
ਸਾਥ ਆਵੇ ਰੋਂਦਾ ਤੂੰ ਵਛੋੜਾ ਪਾਗਿਆ। ਉਤੇ ਜੀ ਫਲੈਂਕ
ਅਸਲਾਨ ਘਲਦੇ। ਖਾਨਿ ਜਨਿਆਂਨ ਵਲ ਫੇਰ ਚਲਦੇ।

ਮਾਂ ਦੇ ਕਲੇਜੇ ਦਾਗ ਪੁਤ ਲਾਗਿਆ। ਸਾਬ ਆਵੇ ਰੋਂਦਾ ਤੂੰ ਵਛੋੜਾ ਪਾਗਿਆ। ਲੋਥ ਸਾਬ ਲਈ ਜੀ ਰਟੈਰ ਆਂਵਦੇ। ਨਦੀ ਪਾਸ ਆਕੇ ਹਲਟ ਵਜਾਂਵਦੇ । ਸੰਤਾ ਸਿੰਘ ਹਾਲ ਜੰਗ ਦਾ ਸੁਨਾਗਿਆ। ਸਾਬ ਆਵੇ ਰੋਂਦਾ ਤੂੰ ਵਿਛੋੜਾ ਪਾ ਗਿਆ ॥ ਦੋਹਿਰਾ ॥ ਅਸ਼ਟੰਡ ਖੋਲਿਆ ਸਾਹਿਬ ਨੇ ਹੋਕੇ ਦਲੋ ਹੁਸ਼ਯਾਰ। ਡਾਕੂ ਏਥੇ ਬਹੁਤ ਨੇ ਮੱਲੇ ਕੁਲ ਪਹਾੜ॥ ਦੋਹਰਾ॥ ਪੂਰਨ ਸਿੰਘ ਵੀ ਆਗਿਆ ਕਰਦਾ ਇਕ ਬਿਆਂਨ। ਘੇਰ ਲਿਆ ਸੀ ਡਾਕੂਆਂ ਰਬ ਬਚਾਈ ਜਾਂਨ ॥ ਦੋਹਰਾ ॥ ਏ ਸਕੌਂਡਰੰਨ ਵੀ ਦੇਖਿਆ ਮਲੀ ਪਏ ਪਹਾੜ। ਗੋਲੀ ਖੂਬ ਚਲਾਂਵਦੇ ਕਰਦੇ ਨਹੀਂ ਵਿਚਾਰ ॥

ਪੂਰਨ ਸਿੰਘ ਨੇ ਆਪਨਾ ਹਾਲ ਸੁਰੈਨ ਸਿੰਘ ਨੂੰ ਦੱਸਣਾ

ਕਬਿਤ ॥ ਪੂਰਨ ਸੁਨਾਵੇ ਤਾਂ ਬਤਾਵੇ ਜਮਾਦਾਰ ਤਾਈਂ ਰਬ ਨੇ ਬਚਾਇਆ ਤਾਂ ਮੈਂ ਆਇਆ ਆਪ ਪਾਸ ਜੀ। ਡਾਕੂਆਂ ਨੇ ਘੇਰਾ ਤਾਂ ਚੁਫੇਰੇ ਮੇਰੇ ਪਾਲਿਆ ਸੀ ਰਬ ਦੀ ਸੁਗੰਦ ਮੈਂ ਤਾਂ ਛਡ ਬੈਠਾ ਆਸ ਜੀ। ਗੋਲੀਆਂ ਚਲਾਈਆਂ ਖੂਬ ਲਾਈਆਂ ਵਿਚ ਡਾਕੂਆਂ ਦੇ ਕਰਦੇ ਆ ਟੇਕ ਮੇਰਾ ਕਰਦਿੰਦੇ ਨਾਸਜੀ। ਸੰਤਾ ਸਿੰਘ ਖਾਸ ਪਾਸ ਸਾਹਿਬ ਦੇ ਪੁਕਾਰਿਆ ਸੀ ਅਗਲਾ ਪਹਾੜ ਤਾਂ ਟਿਵਾਣਿਆਂ ਦੇ ਪਾਸ ਜੀ ॥ ਕਬਿਤ ॥ ਪੂਰਨ ਸਿੰਘ ਜਦੋਂ ਆਇਆ ਹਾਲ ਆਪਨਾ ਸੁਨਾਇਆ ਜੋ ਅਖੀਂ ਦੇਖ ਆਇਆ ਪਾਸ ਸਾਹਿਬ ਦੇ ਜੀ ਜਾਇਕੇ। ਸਾਰੇ ਮਲੇ ਨੇ ਪਹਾੜ ਆਵੇ ਕੋਈ ਨਾ ਸ਼ੁਮਾਰ ਉਤੇ ਡਾਕੂ ਨੇ ਹਜਾਰ ਅਖੀਂ ਦੇਖ ਲਿਓ ਜਾਇਕੇ। ਵਿਚ ਨਾਲੇ ਕਾਬੂ ਆਇਆ ਦਿਲ

ਬਹੁਤ ਘਬਰਾਇਆ ਫੇਰ ਡਾਕੂਆਂ ਚਲਾਇਆ ਗੋਲੀ ਪਾਸ
ਡਿਗੀ ਆਇਕੇ। ਮੈਂ ਮਰਦਾ ਜਰੂਰ ਅਜ ਜਰਾਨਾ ਕਸੂਰ
ਸੰਤਾਸਿੰਘ ਨੇ ਬਚਾਇਆ ਘੋੜਾ ਆਪਨਾ ਭਜਾਇਕੇ ॥
ਕਬਿਤ॥ ਹਲਟ ਮੇਜਰ ਕਰਾਇਆ ਪੂਰਨ ਸਿੰਘ ਨੂੰ
ਬੁਲਾਇਆਤੂੰ ਕਿਧਰੋਂ ਹੈ ਆਇਆ ਹਾਲ ਦਸ ਜਾ ਬਨਾ-
ਇਕੇ। ਮਹੰਮਦ ਜਮਾਨ ਸਾਥ ਲੈ ਗਿਆ ਜੁਵਾਨ ਤੂੰ ਦਸਦੇ
ਤਮਾਮ ਕਿਤੇ ਦੇਖੇ ਹੈਈ ਜਾਇਕੇ। ਬਾਏਂ ਨਦੀ ਦੇ ਹੈ ਪਾਰ
ਜਾਕੇ ਮਲਿਆ ਪਹਾੜ ਮੈਂ ਦੇਖਿਆ ਵਿਚਾਰ ਘੋੜੇ ਲੈਗਿਆ
ਭਜਾਇਕੇ। ਮੈਂ ਤਾਂ ਘੇਰਿਆ ਸਾਂਆਪ ਚਲੇ ਕੁਛਨਾ ਵਿਚਾਰ
ਸੰਤਾਸਿੰਘ ਨੂੰ ਮਾਲੂਮ ਬੈਠੇ ਮੋਰਜੇ ਬਨਾਇਕੇ ॥ ਕਬਿਤ ॥
ਬਾਤ ਮੇਜਰ ਸੁਨਾਵੇ ਫੇਰ ਹਲਟ ਕਰਾਵੇ ਜਮਾਦਾਰ ਨੂੰ
ਬੁਲਾਵੇ ਪੈਰ ਅੰਗੇ ਨਾ ਹਲਾਵਣਾ। ਸਾਰੇ ਦੇਖਲੋ ਜਵਾਨ
ਫੇਰ ਗਿਣ ਲਓ ਤਮਾਮ ਅਗੇ ਹਿਲਕੇ ਨਾ ਜਾਣ ਏਹ
ਸਕੌਡਰਨ ਬੁਲਾਂਵਣਾ। ਜਮਾਦਾਰ ਨੇ ਸੁਨਾਇਆ ਹੁਕਮ
ਮੇਜਰ ਬਤਾਇਆ ਏ ਸਕੌਡਰਨ ਨਹੀਂ ਆਇਆ ਸਬ
ਸਾਥ ਲੈਕੇ ਜਾਂਵਣਾਂ। ਦੂਰਬੀਨ ਹਥ ਆਈ ਝਟ ਮੇਜਰ
ਓਠਾਈ ਵਲ ਟੇਕਰੀ ਦੇ ਲਾਈ ਸੰਤਾ ਸਿੰਘ ਨੂੰ ਸੁਨਾਂਵਣਾ।
॥ ਕਬਿਤ ॥ ਇਕ ਭੇਜਿਆ ਜੁਵਾਨ ਤੁਸੀਂ ਆਜਾਓ
ਤਮਾਮ ਹੋਇਆ ਬਹੁਤ ਨੁਕਸ਼ਾਨ ਤੁਸੀ ਦੂਰ ਬੈਠੇ ਜਾਇਕੇ।
ਤੂੰ ਆਖਣਾ ਜਰੂਰ ਕਿਉਂ ਆਏ ਏਡੀ ਦੂਰ ਮੇਰੀ ਤਰਫ
ਸੇ ਘੂਰ ਦਫੇਦਾਰ ਨੂੰ ਬਨਾਇਕੇ। ਫੜਕੇ ਤਾਂ ਵਾਗ ਅਸਵਾਰ
ਹੋਇਆ ਘੋੜੇ ਉਤੇ ਅਗੇ ਦੂਰ ਪਿਆ ਸਾਹਿਬ ਮਾਰਕੇ

ਕਰਾਇਕੇ। ਸੰਤਾ ਸਿੰਘ ਟੇਕਰੀ ਦੇ ਪਾਸ ਕਠੇ ਹੋਏ ਸਾ
ਰਾਂਮ ਸਿੰਘ ਤਾਂਈ ਸਾਹਿਬ ਆਖਦਾ ਬੁਲਾਇਕੇ.

ਕਬਿੱਤ॥ ਰਾਂਮਸਿੰਘਨੂੰਬੁਲਾਇਆ ਤਾਂ ਸੁਨਾਇਆ ਹਾਲ ਆਪ ਸਾਹਿਬ ਇਕ ਤੂੰ ਜੁਵਾਨ ਲੈਕੇ ਟੇਕਰੀ ਤੇ ਜਾਂਵਣਾ। ਕਰਕੇ ਤਰਾਟ ਆਪ ਟੇਕਰੀ ਦੇ ਜਾਓ ਪਾਸ ਡਿਸਮੌਂਟ ਹੋਕੇ ਘੋੜਾ ਦੂਜੇ ਨੂੰ ਫੜਾਂਵਣਾਂ। ਹੋਇਕੇ ਹੁਸ਼ਯਾਰ ਸਾਰਾ ਦੇਖ ਲਈਂ ਪਹਾੜ ਝਟ ਝੰਡੀ ਸਾਥ ਹਾਲ ਫੇਰ ਮੈਨੂੰ ਤੂੰ ਪੁਚਾਵਣਾਂ। ਜਬਤਕ ਖਵਰ ਸੰਤਾ ਸਿੰਘ ਨਾ ਪੁਚਾਵੇ ਮੈਨੂੰ ਤਬਤਕ ਇਥੋਂ ਅਗੇ ਪੈਰ ਨਾ ਹਲਾਂਵਣਾਂ.

ਲਾਂਸ ਰਾਮ ਸਿੰਘ ਨੇ ਟੇਕਰੀ ਪਰ ਜਾਕੇ ਖਬਰ ਦੇਣੀ

ਕੋਰੜਾ ਛੰਦ॥ ਰਾਮ ਸਿੰਘ ਟੇਕਰੀ ਨੂੰ ਗਿਆਧਾਇਕੇ। ਹੋਕੇ ਅਸਵਾਰਘੋੜੇ ਨੂੰ ਭਜਾਇਕੇ। ਬਿਸ਼ਨ ਸਿੰਘ ਸਾਥ ਅਸਕਾਟ ਜਾਂਵਦਾ। ਟੇਕਰੀ ਦੇ ਉਤੇ ਝਟ ਚੜ ਜਾਂਵਦਾ॥ ਦੇਖਦੇ ਚੁਫੇਰੇ ਦੂਰਬੀਨ ਲਾਇਕੇ। ਰਾਮਸਿੰਘ ਟੇਕਰੀ ਨੂੰ ਗਿਆ ਧਾਇਕੇ। ਕੋਈ ਨਾ ਵੀਰਾਨੀ ਓਥੇ ਦਿਸੇ ਹਲਦਾ। ਝੰਡੀ ਦੇ ਇਸ਼ਾਰੇ ਸਾਥ ਖਵਰ ਘਲਦਾ। ਅਗੇ ਸਾਹਿਬ ਚਲੇ ਮਾਰਚ ਕਰਾਇਕੇ। ਰਾਂਮ ਸਿੰਘ ਟੇਕਰੀ ਨੂੰ ਗਿਆ ਧਾਇਕੇ। ਪਹਿਲੀ ਛਡ ਟੇਕਰੀ ਦੂਜੀ ਨੂੰ ਜਾਂਵਦੇ। ਹਰ ਇਕ ਜਗਾ ਖਬਰ ਪੁਚਾਂਵਦੇ। ਦੂਸਰਾ ਪਹਾੜ ਦੇਖ ਲਿਆ ਜਾਇਕੇ। ਰਾਮ ਸਿੰਘ ਟੇਕਰੀ ਨੂੰ ਗਿਆ ਧਾਇਕੇ। ਅਗੇ ਤਾਂ ਮਦਾਨ ਸਾਫ ਸਾਰਾ ਆਂਵਦਾ। ਖਾਨ ਜਨਿਆਨ ਵੀ ਨਜਰ ਆਂਵਦਾ। ਸ਼ੁਕਰ ਮਨਾਵੇ ਜੋ ਮਦਾਨ ਜਾਇਕੇ।

ਰਾਮ ਸਿੰਘ ਟੇਕਰੀ ਨੂੰ ਗਿਆ ਧਾਇਕੇ। ਸੰਤਾ ਸਿੰਘ ਵਿਚ ਤਾਂ ਸਰਾਂ ਜਾਵਣਾ। ਟੈਲੀ ਫੂਨ ਝਟ ਤਾਰ ਸਾਥ ਲਾਵਣਾ। ਸਾਹਿਬ ਨੰ ਨੁਹਾਇਆ ਪਾਣੀ ਜੀ ਲਿਆਇਕੇ। ਰਾਮ ਸਿੰਘ ਟੇਕਰੀ ਨੂੰ ਗਿਆ ਧਾਇਕੇ॥ ਕਬਿਤ॥ ਟੈਲੀ ਫੂਨ ਲਾਇਆ ਤਾਂ ਬੁਲਾਯਾਸੀ ਸ਼ੀਰਾਜ਼ ਵਾਲਾ ਕੋਈ ਨਾ ਜੁਵਾਬ ਅਗੋਂ ਦਿੰਦਾ ਜੀ ਨਾਇਕੇ। ਨਿਰੰਜਨ ਸਿੰਘ ਵਾਜਾਂ ਮਾਰੇ ਤਾਂ ਪੁਕਾਰੇ ਬੈਠਾ ਖੰਬੇ ਪਾਸ ਕੀ ਮੈਂ ਜੁਵਾਬ ਦਿਆਂ ਸਾਹਿਬ ਨੂੰ ਜੀ ਜਾਇਕੇ॥ ਬਹੁਤ ਜਾਂ ਬੁਲਾਇਆ ਤਾਂ ਨਾ ਪਤਾ ਕੋਈ ਆਇਆ ਅਗੇ ਗੁਸੇ ਵਿਚ ਚਲਿਆ ਸੀ ਟੈਲੀ ਫੂਨ ਲਾਇਕੇ। ਸੰਤਾ ਸਿੰਘ ਨੂੰ ਬੁਲਾਇਆ ਨਾ ਕੋਈ ਨੇੜੇ ਆਇਆ ਫੇਰ ਦਿਤਾ ਸੋ ਜੁਵਾਬ ਝਟ ਮੇਜਰ ਨੂੰ ਜਾਇਕੇ॥

ਦੋਹਰਾ॥ ਮੇਜਰ ਸਾਹਿਬ ਫੇਰ ਬੋਲਕੇ ਦਿਤਾ ਇਕ ਜਵਾਬ। ਟੈਲੀ ਫੂਨ ਲਗਾਵਣਾ ਦੋ ਵਜੇ ਜਾਇਕੇ ਆਪ॥

ਦੋਹਰਾ। ਟੈਲੀ ਫੂਨ ਅਬ ਬੰਦ ਹੈ ਭਾਰਾਂ ਵਜੇ ਜਰੂਰ। ਦੋ ਵਜੇ ਜਾਕ ਲਾਵਣਾ ਖੰਬਾਂ ਨਹੀਂ ਕੁਛ ਦੂਰ॥

ਮੇਜਰ ਕੈਟਵਲ ਨੇ ਕਰਨੈਲ ਸਾਹਿਬ ਨੂੰ ਖਾਨ ਜਨਿਆਨ ਸੇ ਤਾਰ ਭੇਜਨੀ ਕਿ ਇਕ ਹੁਣ ਸਾਹਿਬ ਮਰ ਗਿਆ ਹੈ।

ਕੋਰੜਾ ਛੰਦ॥ ਦੋ ਵਜੇ ਖਬਰ ਫੇਰ ਆਈ ਝੱਬ ਜੀ ਮਰਗਿਆ ਸਾਹਿਬ ਰੱਬ ਦਾ ਸਬਬ ਜੀ। ਖਾਨ ਜਨਿਆਨੋ ਅਸੀ ਅਗੇ ਜਾਵਂਦੇ। ਡਾਕੂ ਸਾਡੇ ਉਤੇ ਗੋਲੀਆਂ ਚਲਾਵਂਦੇ ਬਾਕੀ ਦੇ ਜੁਵਾਨ ਤਾਂ ਬਚਾਏ ਰਬਜੀ। ਮਰ ਗਿਆ ਸਾਹਿਬ ਰਬ ਦਾ ਸਬਬ ਜੀ। ਜਖਮੀ ਜੁਵਾਨ ਇਕ ਹੋਇਆ

ਆਇਕੇ । ਪੈਰ ਵਿਚ ਗੋਲੀ ਇਕ ਲਗੀ ਜਾਇਕੇ। ਖੀਊਨ ਸਿੰਘ ਨਾਮ ਦਸਿਆ ਮੈਂ ਝਬ ਜੀ । ਮਰ ਗਿਆ ਸਾਹਿਬ ਰਬ ਦਾ ਸਬਬ ਜੀ । ਖਾਂਨਿ ਜਨਿਆਂਨ ਹਾਂਸਰਾਂ ਵਿਚ ਜੀ । ਮਾਰਦੇ ਨੇ ਡਾਕੇ ਤਾਂ ਈਰਾਨੀ ਨਿਤ ਜੀ । ਦਿਓਖਾਂ ਜੁਬਾਬ ਤੁਸੀਂ ਆਓ ਕਬ ਜੀ । ਮਰਗਿਆ ਸਾਹਿਬ ਰਬ ਦਾ ਸਬਬ ਜੀ । ਜਿਨਾ ਚਿਰ ਤੁਸਾਂਨਾ ਸ਼ੀਰਾਜ਼ੋ ਆਂਵਣਾਂ । ਅਸਾਂ ਨਾ ਸਰਾਂ ਵਿਚੋਂ ਬਾਹਰ ਜਾਂਵਣਾਂ । ਸਾਡੀ ਕੋਈ ਪੇਸ਼ ਨਹੀਂ ਜਾਂਦੀ ਅਬ ਜੀ । ਮਰਗਿਆ ਸਾਹਿਬ ਰਬ ਦਾ ਸੱਬਬ ਜੀ ਆਪਨੂੰ ਜੀ ਖਵਰ ਪੁਚਾਈ ਆਇਕੇ । ਟੈਲੀਫੂੰਨ ਝਟ ਤਾਰ ਸਾਥ ਲਾਇਕੇ । ਦਿਤਾ ਸੀ ਜੁਬਾਬ ਸੰਤਾ ਸਿੰਘ ਝਬ ਜੀ । ਮਰਗਿਆ ਸਾਹਿਬ ਰਬ ਦਾ ਸੱਬਬ ਜੀ ॥

ਕਰਨੈਲ ਸਾਹਿਬ ਨੇ ਮੇਜਰ ਸਾਹਿਬ ਨੂੰ ਖਬਰ ਦੇਨੀ
ਕੇ ਕਲ ਸੁਬੇ ਸਤ ਵਜੇ ਚਲਣਾਂ ਤਾਂ ਖਵਰ ਦੇਨੀ
ਕੋਰੜਾ ਛੰਦ ॥

ਸੁਨਕੇ ਤਾਂ ਹਾਲ ਦਿਲ ਮੇਂ ਵਿਚਾਰਦਾ। ਦਿਤਾ ਸੀ ਜੁਬਾਬ ਕਰਨੈਲ ਤਾਰਦਾ । ਅਜ ਤਾਂ ਜਰੂਰ ਪੜ ਗਈ ਸ਼ਾਂਮ ਜੀ । ਫੌਜ ਵਿਚ ਹੁਕਮ ਸੁਨਾਇਆ ਆਮ ਜੀ । ਚਲਦੀ ਨਾ ਪੇਸ਼ ਲੇਖ ਜਦੋਂ ਹਾਰਦਾ । ਦਿਤਾ ਸੀ ਜੁਬਾਬ ਕਰਨੈਲ ਤਾਰਦਾ । ਬੀ ਤਾਂ ਸਕੌਂਡਰਨ ਜਰੂਰ ਆਊਗਾ । ਸਤ ਵਜੇ ਸਾਹਿਬ ਮਾਰਚ ਕਰਾਊਗਾ । ਕਾਲ ਬਲੀ ਕਿਸੇ ਪਾਸੋਂ ਨਹੀਂ ਹਾਰਦਾ । ਦਿਤਾ ਸੀ ਜੁਬਾਬ ਕਰਨੈਲ ਤਾਰ ਦਾ । ਸਤ ਵਜੇ ਤੂੰ ਤਾਂ ਜਰੂਰ ਚਲਣਾ । ਤਾਰ ਦੇ ਬਗੈਰ ਪੈਰ ਨਹੀਂ ਹਲਣਾਂ । ਪੀਰ ਤਾਂ ਫਕੀਰ

ਕਾਲ ਸਬ ਮਾਰਦਾ। ਦਿਤਾ ਸੀ ਜੁਬਾਬ ਕਰਨੈਲ ਤਾਰਦਾ। ਪੀਚਰ ਤਾਂ ਹੋਰ ਤੇਰੀ ਵਲ ਆਂਵਿਲਾਂ। ਸੁਭੇ ਸਾਰਾ ਹਾਲ ਆਪਨੇ ਪੁਚਾਵਿਨਾਂ। ਸਾਰਾ ਹੀ ਰਸਾਲਾ ਦਿਲ ਸੋਗ ਧਾਰਦਾ। ਦਿਤਾ ਸੀ ਜੁਬਾਬ ਕਰਨੈਲ ਤਾਰ ਦਾ। ਆਪ ਜਦੋਂ ਤੁਰੋ ਤਾਰ ਦਿਓ ਘਲ ਜੀ। ਸਤ ਵਜੇ ਕਲ ਤੂੰ ਜਰੂਰ ਚਲ ਜੀ। ਬੁਰਾ ਹੈ ਵਿਛੋੜਾ ਦੇਖੋ ਪਤੀ ਨਾਰਦਾ। ਦਿਤਾ ਸੀ ਜੁਵਾਬ ਕਰਨੈਲ ਤਾਰਦਾ। ਵਿਚ ਤਾਂ ਵਲੈਤ ਖਬਰ ਪੁਚਾਂਵਦਾ॥ ਲਿਖਕੇ ਤਾਂ ਤਾਰ ਬਾਬੂ ਨੂੰ ਫੜਾਂਵਦਾ। ਦਿਲ ਵਿਚ ਲਗਾ ਭਾਰੀ ਤੀਰ ਸਾਰਦਾ। ਦਿਤਾ ਸੀ ਜੁਵਾਬ ਕਰਨੈਲ ਤਾਰਦਾ। ਮਰ ਗਿਆ ਸਾਹਿਬ ਇਕ ਛੁਟ ਅਜ ਜੀ। ਕਾਲਜੇ ਦੇ ਵਿਚ ਗੋਲੀ ਗਈ ਵਜ ਜੀ। ਇਕ ਪੁਤ ਮਾਈ ਦਾ ਨਾ ਰਬ ਮਾਰਦਾ। ਦਿਤਾ ਸੀ ਜੁਵਾਬ ਕਰਨੈਲ ਤਾਰਦਾ। ਰੂਹ ਵੀ ਵਲੈਤ ਵਿਚ ਪਹੁੰਚ ਜਾਵਂਦਾ। ਸੁਫਨੇ ਦੇ ਵਿਚ ਹਾਲ ਜੀ ਸੁਨਾਵਂਦਾ। ਬੁਰਾ ਹੈ ਵਿਛੋੜਾ ਯਾਰੋ ਮੌਤ ਕਾਰਦਾ। ਦਿਤਾ ਸੀ ਜੁਵਾਬ ਕਰਨੈਲ ਤਾਰਦਾ। ਲਦਕੇ ਜੀ ਲੋਥ ਸਾਂ ਸ਼ੀਰਾਜ ਆਵਂਦੇ। ਦੇਖਨੇ ਨੂੰ ਲੋਕ ਜੀ ਤਮਾਮ ਜਾਂਵਦੇ॥ ਸੰਤਾ ਸਿੰਘ ਰੂਹ ਖੜਾ ਵਾਜਾਂ ਮਾਰਦਾ। ਦਿਤਾ ਸੀ ਜੁਵਾਬ ਕਰਨੈਲ ਤਾਰਦਾ॥

ਰੂਹ ਆਪਨੀ ਮਾਈ ਪਾਸ ਪੁਕਾਰ ਕਰਦਾ ਹੈ ਖਾਬ ਵਿੱਚ

ਕਬਿੱਤ॥ ਰਾਤ ਸੁਤੀ ਮਾਈ ਤਾਂ ਅਕਾਸੋਂ ਖਾਬ ਆਈ ਰੂਹ ਕਰਦਾ ਪੁਕਾਰ ਪਾਸ ਮੰਜੇ ਦੇ ਖਲੋਇਕੇ। ਤੇਰਾ ਪੁਤ ਲਿਆ ਮਾਰ ਪਏ ਡਾਕੂ ਸੀ ਹਜਾਰ ਪਿਆ ਵਿਚ ਹੈ ਉਜਾੜ

ਮੁਖੋਂ ਆਖਦਾ ਹੈ ਰੋਇਕੇ। ਸੁਭੇ ਆ ਜਾਊ ਤਾਰ ਹੁਣ ਵਾਜਾਂ ਰਿਹਾ ਮਾਰ ਫੇਰ ਰੋਵੇਂਗੀ ਜਰੂਰ ਮਾਈ ਸਿਰੋਂ ਵਾਲ ਖੋਇਕੇ। ਸੈਤਾ ਸਿੰਘ ਨੇ ਸੁਨਾਇਆ ਤਾਂ ਮੈਂ ਤੇਰੇ ਪਾਸ ਆਇਆ ਮਾਈ ਪੁਤ ਵਲੋਂ ਬੈਠ ਜਾ ਜਰੂਰ ਹਥ ਧੋਇਕੇ ॥ਕਬਿੱਤ॥ ਮਾਈ ਨੂੰ ਸੁਨਾਵੇ ਤਾਂ ਬਤਾਵੇ ਖੜਾ ਹਾਲ ਸਾਰਾ ਰੂਹ ਤੇਰੇ ਪੁਤ ਦਾ ਮੈਂ ਤੇਰੇ ਪਾਸ ਆਗਿਆ। ਲਗੀ ਜਦੋਂ ਗੋਲੀ ਮੋਰੀ ਕਰ ਗਈ ਕਲੇਜੇ ਵਿਚ ਲੰਮਾਂ ਪਿਆ ਰੋਵੇ ਫੇਰ ਵਾਸਤਾ ਸੀ ਪਾਗਿਆ। ਜੰਗਲਾਂ ਦੇ ਵਿਚ ਦਿਨੇ ਰਾਤ ਸੀ ਹਮੇਸ਼ ਰਹਿੰਦਾ ਆਖਰੀ ਦਿਹਾੜੇ ਮਾਏ ਜੰਗਲ ਹੀ ਖਾਗਿਆ। ਸੁਭੇ ਤਾਰ ਆਵੇਗੀ ਸੁਨਾਵੇਗੀ ਤੂੰ ਸਾਰਿਆਂ ਨੂੰ ਸੈਤਾ ਸਿੰਘ ਹਾਲ ਤੈਨੂੰ ਸਾਰਾ ਜੀ ਸੁਨਾਗਿਆ॥ ਕਬਿੱਤ ॥ ਜਮਾਂ ਮੈਨੂੰ ਫੜਿਆ ਨਾ ਧਰਿਆ ਉਠਾਉਣ ਦੇਣ ਮਾਰਦੇ ਨੇ ਧਕੇ ਜਮ-ਦੂਤ ਮੈਨੂੰ ਆਣਕੇ। ਕੀਤਾ ਨਾ ਕਸੂਰ ਮੈਨੂੰ ਦਿੰਦੇ ਬਹੁਤ ਘੂਰ ਤਾਂ ਮਾਲੂਮ ਹੈ ਜਰੂਰ ਇਵੇਂ ਮਾਰਦੇ ਨੇ ਜਾਣਕੇ। ਬੁਤ ਵਿਚ ਰਹਿੰਦਾ ਸਾਂ ਹਜ਼ਾਰ ਦੁਖ ਸਹਿੰਦਾ ਸਾਂ ਬੈਠੇ ਜਿਥੇ ਖਹਿੰਦਾ ਸਾਂ ਸਵਾਂ ਲਤਾਂ ਤਾਨਕੇ। ਹੁਣ ਮਾਈ ਚਲਿਆ ਜਰੂਰ ਮੈਂ ਓਸ ਦੇਸ ਜਿਥੋਂ ਸੈਤਾ ਸਿੰਘ ਨਾ ਖਬਰ ਦੇਣੀ ਆਣਕੇ। ਖਾਬੋਂ ਉਠਕੇ ਮਾਈ ਨੇ ਪੁਕਾਰ ਕਰਨੀ

ਦੋਹਰਾ ॥ ਇਹ ਹਵਾਲ ਦੇਖਕੇ ਮਾਈ ਕਰੇ ਵਿਚਾਰ। ਪਾਸ ਬੂਹੇ ਦੇ ਜਾਇਕੇ ਵਾਜਾਂ ਮਾਰੇ ਚਾਰ ॥ ਕਬਿੱਤ ॥ ਪਹਿਲੀ ਵਾਜ ਮਾਰੀ ਨਾ ਅਵਾਜ ਦਿਤੀ ਕਿਸੇ ਮੂਲ ਦਹਿਨੇ ਬਾਏਂ ਦੇਖ ਫੇਰ ਦਿਲ ਮੇ ਵਿਚਾਰਦੀ। ਪੁਤ ਦੀ ਅਵਾਜ ਮੈਂ

ਮਲੂੰਮ ਕੀਤੀ ਖ਼ਾਬ ਵਿਚ ਸੁਫਨੇ ਨੂੰ ਜਾਨ ਫੇਰ ਦਿਲ ਤੋਂ ਵਿਸਾਰਦੀ। ਕਦੇ ਲੰਮੀ ਪਵੇ ਕਦੇ ਉਠਕੇ ਦਲੀਲ ਕਰੇ ਆਵੇ ਨਹੀਂ ਚੈਨ ਬੈਠ ਚਿਤ ਮੇਂ ਵਿਚਾਰਦੀ। ਸੰਤਾ ਸਿੰਘ ਖ਼ਾਬ ਤਾਂ ਖਿਆਲ ਸਭ ਛਡ ਦਿਤੇ ਇਕ ਆਸ ਲਗ ਗਈ ਦਲੀਲ ਚਿਤ ਤਾਰਦੀ॥

ਕਬਿੱਤ॥ ਡਾਕਖਾਨਾ ਸੀ ਨਜੀਕ ਰਖੇ ਤਾਰ ਦੀ ਉਡੀਕ ਕਾਸਦ ਵਾਜ ਮਾਰੀ ਠੀਕ ਮਾਈ ਮਾਈ ਸੀ ਪੁਕਾਰਦਾ। ਤਾਰ ਆ ਗਈ ਜਰੂਰ ਤਾਂ ਸ਼ੀਰਾਜ ਬਹੁਤ ਦੂਰ ਸਾਹਿਬ ਮਰਿਆ ਜਰੂਰ ਤਾਂ ਕਲੇਜੇ ਤੀਰ ਸਾਰਦਾ। ਤਾਰ ਖੋਲਕੇ ਪੜ੍ਹਾਈ ਹੋਸ਼ ਮਾਈ ਨੇ ਭੁਲਾਈ ਵਾਂਗ ਹੋ ਗਈ ਸ਼ੁਦਾਈ ਵੈਰ ਰਬ ਹੈ ਗੁਜਾਰਦਾ। ਫੇਰ ਕਰੇ ਵਿਰਲਾਪ ਬੈਠੀ ਰੋਵੇਂ ਦਿਨੇ ਰਾਤ ਵਾਂਗ ਫਕਰਾਂ ਦੇ ਕਾਰ ਸੰਤਾ ਸਿੰਘ ਹੈ ਚਿਤਾਰਦਾ॥ ਪਹਿਲਾ ਵਿਰਲਾਪ ਮਾਂ ਦਾ

ਕੋਰੜਾ ਛੰਦ॥ ਹੋਣ ਹਾਰ ਅਜ ਲੋਕੋ ਪਈ ਆਣਕੇ। ਮਾਰ ਲਿਆ ਪੁਤ ਨੀ ਗਰੀਬ ਜਾਣਕੇ। ਕਾਲ ਬਲੀ ਰੋਜ ਖ਼ੂਨ ਹੈ ਗੁਜਾਰਦਾ। ਏਨੂੰ ਦਿੰਦਾ ਛੱਡ ਪਾਪੀ ਮੈਨੂੰ ਮਾਰਦਾ। ਹੋਣੀ ਲੋਕੋ ਅਜ ਮੈਨੂੰ ਗਈ ਰਾਨਕੇ। ਮਾਰ ਲਿਆ ਪੁਤ ਨੀ ਗਰੀਬ ਜਾਨਕੇ। ਮੌਤ ਹਤਿਆਰੀ ਘਰ ਖਾਲੀ ਕਰਦੀ। ਤੁਰਕਾਂ ਨੂੰ ਮਾਰ ਕਬਰਾਂ ਨੂੰ ਖੜਦੀ। ਸਾੜਦੇ ਜਰੂਰ ਹਿੰਦੂ ਨੂੰ ਪਛਾਨਕੇ। ਮਾਰ ਲਿਆ ਪੁਤ ਨੀ ਗਰੀਬ ਜਾਨਕੇ। ਦਿਲ ਦਾ ਦਲੇਰ ਸ਼ੇਰ ਰਿਹਾ ਮਾਰਦਾ। ਫੜਕੇ ਬੰਦੂਕ ਡਾਕੂਆਂ ਨੂੰ ਮਾਰਦਾ। ਹੋਣੀ ਨੇ ਪਲਾਇਆ ਸੁਖਾ ਤੈਨੂੰ ਛਾਨਕੇ। ਮਾਰ

ਲਿਆ ਪੁਤ ਨੀ ਗਰੀਬ ਜਾਨਕੇ। ਛਡੀ ਜਾਂਦੇ ਸਾਰੇ ਦੇਖੋ ਘਰ ਬਾਰ ਜੀ। ਪੀਰ ਤਾਂ ਫਕੀਰ ਸਬ ਗਏ ਹਾਰ ਜੀ ॥ ਲਿਖਿਆ ਲਖਾਰੀ ਲੇਖ ਸਬ ਆਣਕੇ। ਮਾਰ ਲਿਆ ਪੁਤ ਨੀ ਗਰੀਬ ਜਾਨਕੇ। ਜੀਉਂਦਾ ਰਹਿੰਨੋਂ ਬਚਿਆ ਮੈਂ ਮਰ ਜਾਵੰਦੀ। ਛਾਤੀਆਂ ਦੇ ਵਿਚੋਂ ਸ਼ੀਰ ਨਾ ਚੁੰਘਾਵੰਦੀ। ਐਸਾ ਕੋਈ ਹੋਵੇ ਖਬਰ ਦੇਵੇ ਆਨਕੇ। ਮਾਰ ਲਿਆ ਪੁਤ ਨੀ ਗਰੀਬ ਜਾਨਕੇ। ਮੌਤ ਹਤਿਆਰੀ ਮੋਇਆਂ ਤਾਂਈ ਮਾਰਦੀ। ਦੇਖਕੇ ਗਰੀਬ ਫੇਰ ਜੋਰ ਚਾੜ੍ਹਦੀ। ਅਗ ਤਾਂ ਵਛੋੜੇ ਦੀ ਭੜਕੀ ਆਨਕੇ। ਮਾਰ ਲਿਆ ਪੁਤ ਨੀ ਗਰੀਬ ਜਾਨਕੇ। ਕਿਧਰ ਸੁਨਾਵਾਂ ਰਬ ਅਜ ਹੋਇਕੇ। ਪੁਤ ਵਲੋਂ ਬੈਠ ਗਈਆਂ ਹਥ ਧੋਇਕੇ। ਪੋਲੀ ਹੋਈ ਜਾਨ ਜੁਸੇ ਵਿਚ ਆਨਕੇ। ਮਾਰ ਲਿਆ ਪੁਤ ਨੀ ਗਰੀਬ ਜਾਨਕੇ। ਵਸਦਾ ਹੈ ਦੇਸ ਵਾਰੀ ਆਗਈ ਪੁਤ ਦੀ। ਹੋਣੀ ਹਤਿਆਰੀ ਵਾਰ ਨਹੀਂ ਪੁਛਦੀ। ਪੁਟ ਦਿਤਾ ਬੂਟਾ ਮੇਰਾ ਰਬ ਆਨਕੇ। ਮਾਰ ਲਿਆ ਪੁਤ ਨੀ ਗਰੀਬ ਜਾਨਕੇ। ਸੁਲੇਮਾਨ ਰਿਹਾ ਫੇਰ ਭੱਠ ਝੋਕਦਾ। ਹੋਣੀ ਦਾ ਦੁਗਾੜਾ ਦਸ ਕੌਣ ਰੋਕਦਾ। ਸੁਖ ਵਿਚ ਬੈਹ ਕੋਈ ਦੁਖ ਜਾਨਕੇ। ਮਾਰ ਲਿਆ ਹੋਣੀ ਨੀ ਗਰੀਬ ਜਾਨ ਕੇ। ਸਾਕਾਂ ਅੰਗਾਂ ਵਲ ਖਬਰ ਦਿਆਂ ਘਲ ਜੀ। ਮਰ ਗਿਆ ਸਾਹਿਬ ਇਕ ਫੁਟ ਕਲ ਜੀ। ਮੁਫਤ ਗੁਵਾਲੈ ਬੰਦਾ ਜਾਨ ਆਨਕੇ। ਮਾਰ ਲਿਆ ਹੋਣੀ ਨੀ ਗਰੀਬ ਜਾਨਕੇ। ਅਗੇ ਪਿਛੇ ਕਾਲ ਖੈਰ ਨਾ ਗੁਜਾਰਦਾ। ਜਿਥੇ ਲਗੇ ਦਾ ਜੀ ਤੜਕ ਮਾਰਦਾ। ਮੈਤਾ ਸਿੰਘ ਕਾਲ ਸਿਰ ਬੈਠਾ ਆਨਕੇ ॥

ਮਾਰ ਲਿਆ ਹੋਣੀ ਨੀ ਗ੍ਰੀਬ ਜਾਨਕੇ॥ ਵਿਰਲਾਪ ਦੂਸਰਾ

ਕੋਰੜਾ ਛੰਦ ॥ ਹੁੰਦੀ ਜੇ ਮਾਲੂਮ ਨਾ ਬਚੇ ਨੂੰ ਤੋਰਦੀ। ਰੋਵੇ ਕਰਲਾਵੇ ਵੈਣ ਪਾਵੇ ਜੋਰ ਦੀ। ਅਖੀਆਂ ਥੋਂ ਨੀਰ ਮਰਾ ਨਹੀਂ ਸੁਕਦਾ। ਕਾਲਜੇ ਨੂੰ ਖਾਂਦਾ ਹੈ ਵਛੋੜਾ ਪੁਤਦਾ। ਦਸ ਜਾਨੋਂ ਬਚਾ ਮੈਨੂੰ ਆਸ ਹੋਰਦੀ। ਰੋਵੇ ਕੁਰਲਾਵੇ ਵੈਣ ਪਾਵੇ ਜੋਰਦੀ। ਰੋਂਦੀ ਤੇਰੀ ਮਾਈ ਬਚਾ ਮਰ ਜਾਊਂਗੀ ॥ ਧਰਮ ਰਾਜ ਪਾਸ ਅਰਜ ਸੁਨਾਊਂਗੀ। ਕੋਈ ਨਾ ਗੁਵਾਹੀ ਫੇਰ ਦੇਵੇ ਚੋਰਦੀ। ਰੋਵੇ ਕੁਰਲਾਵੇ ਵੈਣ ਪਾਵੇ ਜੋਰਦੀ ॥ ਤੈਨੂੰ ਬਚਾ ਘੇਰਾ ਡਾਕੂਆਂ ਨੇ ਪਾਲਿਆ। ਮੇਰੇ ਸਾਥ ਵੈਰ ਵੈਰੀਆਂ ਕਮਾ ਲਿਆ। ਤੇਰੀ ਕਾਨੂੰ ਵਾਰੀ ਬਚਾ ਆ ਗਈ ਗੋਰਦੀ। ਰੋਵੇ ਕੁਰਲਾਵੇ ਵੈਣ ਪਾਵੇ ਜੋਰਦੀ। ਭੈਣ ਤੇਰੀ ਨੂੰ ਵੀ ਖਬਰ ਦਿਤੀ ਘਲਵੇ। ਰੋਂਦੀ ਕੁਰਲਾਂਦੀ ਬਚਾ ਆਊਂ ਚਲਵੇ। ਸੁਨੇ ਨਾ ਅਵਾਜ਼ ਕੋਈ ਮੇਰੇ ਸ਼ੋਰਦੀ। ਰੋਵੇ ਕੁਰਲਾਵੇ ਵੈਣ ਪਾਵੇ ਜੋਰਦੀ। ਭਾਈ ਦੇਖ਼ਗੋਟ ਭੈਣ ਨਹੀਂ ਆਂਵਦੀ। ਰੋਂਦੀ ਕੁਰਲਾਂਦੀ ਬਚਾ ਤੁਰ ਜਾਂਵਦੀ। ਸੰਤਾ ਸਿੰਘ ਦੇਖ ਸੋਹਣੀ ਪੈਲ ਮੋਰਦੀ। ਰੋਵੇ ਕੁਰਲਾਵੇ ਵੈਣ ਪਾਵੇ ਜੋਰਦੀ ॥

ਤੀਸਰਾ ਵਿਰਲਾਪ

ਕੋਰੜਾ ਛੰਦ ॥ ਮਾਈ ਹਾਲ ਬੈਠੀ ਆਪਨਾ ਲਿਖਾਂਵਦੀ। ਤਾਰ ਝਟ ਲਿਖ ਧੀ ਨੂੰ ਪੁਚਾਂਵਦੀ। ਮੁਲਖ ਈਰਾਨੋਂ ਅਜ ਤਾਰ ਆਈਆ। ਤਾਰ ਕਰਨੈਲ ਤਤੀ ਨੂੰ ਪੁਚਾਈਆਂ। ਭਾਈ ਤੇਰੇ ਅਜ ਵੈਰੀਆਂ ਨੇ ਮਾਰਿਆ। ਰੱਬ ਸਾਡੇ ਸਾਥ ਜੁਲਮ ਗੁਜਾਰਿਆ। ਕੋੜਮੇਂ ਕਬੀਲੇ ਸੋਗ ਲਿਆ ਧਾਰਨੀ। ਤਿੰਨੇ

ਤੇਰੇ ਭਾਈ ਹੋਣੀ ਦਿਤੇ ਮਾਰ ਨੀ। ਹੁਣ ਵਾ ੀ ਬਚੀਏ ਨੀ ਮੇਰੀ ਆਈਆ। ਤਾਰ ਕਰਨੈਲ ਤਤੀ ਨੂੰ ਪੁਚਾਈਆ। ਪੁਤ ਦਾ ਵਿਜੋਗ ਕਾਲਜੇ ਨੂੰ ਖਾਂਵਦਾ। ਹੁੰਦਾ ਜੇ ਮਾਲੂਮ ਨਾ ਸ਼ਿਕਾਰ ਜਾਂਵਦਾ। ਜਾਇਕੇ ਜੀ ਤਾਰ ਕਾਸਦ ਫੜਾਈਆ। ਤਾਰ ਕਰਨੈਲ ਤਤੀ ਨੂੰ ਪੁਚਾਈਆ। ਹੋਵੇ ਰਬਾ ਸਚ ਤਾਂਮੀ ਝੂਠ ਕਰਦੇ। ਕੋਈ ਨਹੀਂ ਕਮੀ ਤੇਰੇ ਵਿਚ ਘਰਦੇ। ਵਕਤ ਬੁਢੇਪੇ ਸੱਟ ਬੁਰੀ ਲਾਈਆ। ਤਾਰ ਕਰਨੈਲ ਤਤੀ ਨੂੰ ਪੁਚਾਈਆ। ਬੈਠ ਗਈ ਤਾਰ ਭੈਣ ਹਥ ਫੜਕੇ। ਪੜ੍ਹਦੀ ਜ਼ਰੂਰ ਜੀ ਦਲੀਲ ਕਰਕੇ। ਇੰਤਾ ਸਿੰਘ ਫੇਰ ਰੋਨ ਉਤੇ ਧਾਈਆ। ਤਾਰ ਕਰਨੈਲ ਤਤੀ ਨੂੰ ਪੁਚਾਈਆ॥

ਭੈਣ ਨੇ ਭਰਾ ਦੇ ਵਜੋਗ ਵਿਚ ਰੋਣਾ ਤਾਰ ਹਥ ਵਿਚ ਫੜਕੇ

ਕੋਰੜਾ ਛੰਦ॥ ਭੈਣ ਪਾਵੇ ਵੈਣ ਮਥੇ ਹਥ ਧਰਕੇ। ਨੌਕਰੀ ਥੋਂ ਮੋੜਾਂ ਵੀਰਾ ਹਥ ਫੜਕੇ। ਤੇਰੇ ਬਾਝੋਂ ਵੀਰਾ ਧਨ ਕਿਸ ਕੰਮ ਜੀ। ਗੰਮ ਨਾਲ ਸੁਕੇ ਮੇਰੇ ਹਡ ਚੰਮ ਜੀ॥ ਕਿਸ ਕੰਮ ਆਇਆ ਪੈਸਾ ਜਮਾਂ ਕਰਕੇ। ਨੌਕਰੀ ਥੋਂ ਮੋੜਾਂ ਵੀਰਾ ਹਥ ਫੜਕੇ। ਤੇਰੇ ਬਿਨਾ ਵੀਰਾ ਘਰ ਸੁਵਾਂ ਹੋਗਿਆ। ਭਾਈ ਦੇ ਬਗੈਰ ਹਰ ਇਕ ਰੋਗਿਆ। ਰੋਂਦਾ ਗਿਆ ਕਾਹਨੂੰ ਦਾਮ ਕੱਠਾ ਕਰਕੇ। ਨੌਕਰੀ ਥੋਂ ਮੋੜਾਂ ਵੀਰਾ ਹਥ ਫੜਕੇ। ਲੰਘਦਾ ਨਾ ਪਾਣੀ ਰਗਾਂ ਆਣ ਸੁਕੀਆਂ। ਵਟ ਵਟ ਮਾਰਾਂ ਛਾਤੀ ਵਿਚ ਮੁਕੀਆਂ। ਮਰ ਜਾਨ ਵੈਰੀ ਵੀਰਾ ਅਜ ਸੜਕੇ। ਨੌਕਰੀ ਥੋਂ ਮੋੜਾਂ ਵੀਰ ਹਥ ਫੜਕੇ। ਸੁਕ ਗਿਆ ਬਾਗ ਜੀ ਹਯਾਤੀ ਦਿਲਦਾ। ਮੇਰਾ ਹਥ ਪੈਰ ਅਜ ਨਹੀਂ

ਹਿਲਦਾ। ਜ਼ੋਰ ਆਇਆ ਆਦਮੀ ਨਾ ਬੈਹ ਜਰਕੇ॥ ਨੌਕਰੀ ਥੋਂ ਮੋੜਾਂ ਵੀਰਾ ਹਥ ਫੜਕੇ। ਮੁੜ ਨਾ ਜਹਾਨ-ਵਿਚ ਫੇਰ ਆਂਵਣਾਂ। ਜਿਸ ਬੰਦੇ ਜਗ ਉਤੋਂ ਤੁਰ ਜਾਂਵਣਾਂ। ਕਿਸ ਤਰਾਂ ਬੈਹ ਨਾਰ ਦੁਖ ਜਰਕੇ। ਨੌਕਰੀ ਥੋਂ ਮੋੜਾ ਵੀਰਾ ਹਥ ਫੜਕੇ। ਫਟਦਾ ਕਲੇਜਾ ਤਾਰ ਦੇਖ ਆਪਦੀ। ਦੁਖੀਆਂ ਨੂੰ ਦੁਖ ਦੂਜੇ ਨੂੰ ਕੀ ਜਾਪਦੀ। ਨਾਮ ਜਿਨਾ ਲਿਆ ਪਾਰ ਗਏ ਤਰਕੇ। ਨੌਕਰੀ ਥੋਂ ਮੋੜਾਂ ਵੀਰਾ ਹਥ ਫੜਕੇ। ਲਾਈਆਂ ਦਾ ਵਜੋਗ ਲਿਖਿਆ ਨਾ ਜਾਂਵਦਾ। ਵਿਚ ਤਾਂ ਸ਼ੀਰਾਜ਼ ਕਬਰ ਪੁਟਾਂਵਦਾ। ਸੈਤਾਸਿੰਘ ਬੈਠ ਜਾ ਸਬਰ ਕਰਕੇ। ਨੌਕਰੀ ਥੋਂ ਮੋੜਾਂ ਵੀਰਾ ਹਾਥ ਫੜਕੇ॥ ਦੋਹਿਰਾ॥ ਪਤੀ ਮਰੇ ਜਿਸ ਨਾਰ ਦਾ ਹੁੰਦੀ ਬਹੁਤ ਖੁਵਾਰ। ਸਿਆਪਾ ਸਾਰਾ ਬੰਦ ਕਰ ਦਸ ਲੋਥ ਦੀ ਕਾਰ ॥ ਦੋਃ॥ ਅਨੋਖ ਸਿੰਘ ਨੇ ਆਖਿਆ ਨਾਕਰ ਬਹੁਤ ਵਧਾਂਨ। ਸਜਨ ਸਾਰੇ ਜਾਂਨਦੇ ਕੋਈ ਨਹੀਂ ਅਣਜਾਂਨ॥

।ਕੌਂਸਲ ਦੇ ਬਾਗ ਵਿਚ ਕਬਰ ਪੁਟਕੇ ਲੋਥ ਨੂੰ ਦਬਾ ਦੇਨਾ।

ਕੋਰੜਾ ਛੰਦ॥ ਹੁਕਮ ਸੁਨਾਇਆ ਕਰਨੈਲ ਆਂਮਨੂੰ। ਦਬਨਾ ਹੈ ਸਾਹਿਬ ਅਸਾਂ ਅਜ ਸ਼ਾਂਮਨੂੰ। ਚਲੇ ਨੇ ਜੁਵਾਨ ਵਰਦੀ ਲਗਾਇਕੇ॥ ਤੁਰੇ ਜਾਂਨ ਲੋਥ ਪਿਛੇ ਊਂਦੀ ਪਾਇਕੇ। ਜਿਤਨੇ ਸ਼ੀਰਾਜ਼ ਵਿਚੋਂ ਸਾਹਿਬ ਆਂਵਦੇ। ਸੋਗ ਦੀਆਂ ਚਿੰਦੀਆਂ ਭੁਮਾਂਮ ਲਾਂਵਦੇ। ਤਿਨ ਵਜੇ ਚਲੇ ਫਾਂਮ ਜੀ ਕਰਾਇਕੇ। ਤੁਰੇ ਜਾਂਨ ਲੋਥ ਪਿਛੇ ਊਂਦੀ ਪਾਇਕੇ। ਏਸ ਵੇਲੇ ਕਾਲਜਾ ਸਬੀਦਾ ਹਲਦਾ। ਜਦੋਂ ਵਲ ਆਦਮੀ

ਮਸ਼ਾਨ ਚਲਦਾ। ਫੜੇ ਹਥਿਆਰ ਉਲਟੇ ਕਰਾਇਕੇ। ਤੁਰੇ ਜਾਨ ਲੋਥ ਪਿਛੇ ਉਂਦੀ ਪਾਇਕੇ। ਕਬਰ ਪਾਸ ਖੜੇ ਲੋਥ ਨੂੰ ਜੀ ਧਰਕੇ। ਬਾਕੀ ਦੇ ਤਿਆਰ ਕਾੜ ਤੂਸ ਭਰਕੇ ਦੇਖਦਾ ਕਬਰ ਕਰਨੈਲ ਜਾਇਕੇ। ਲੋਥ ਪਾਸ ਖੜੇ ਸਬ ਊਂਦੀ ਪਾਇਕੇ। ਘੋੜੇ ਦਾ ਸਮਾਂਨ ਘੋੜਾ ਸਾਥ ਆਗਿਆ। ਜਿਸਦਾ ਖਸਮ ਮਿਟੀ ਮੇਂ ਸਮਾਗਿਆ। ਕਬਰ ਦੇ ਵਿਚ ਲੋਥ ਨੂੰ ਟਿਕਾਇਕੇ। ਲੋਥ ਪਾਸ ਖੜੇ ਸਬ ਊਂਦੀ ਪਾਇਕੇ। ਤਖਤੇ ਤੋਂ ਚਾਰ ਕਬਰ ਟਿਕਾਵੰਦੇ। ਮੋਹਰੀ ਬੰਦ ਉਦੀ ਕਰ ਵਾਲੀਆਂ ਚਲਾਵੰਦੇ। ਦਬ ਦਿਤੀ ਲੋਥ ਉਤੇ ਮਿਟੀ ਪਾਇਕੇ। ਲੋਥ ਪਾਸ ਖੜੇ ਸਬ ਊਂਦੀ ਪਾਇਕੇ। ਵਲ ਅਸਮਾਨ ਫੈਰ ਤਿਨ ਕਰਦੇ। ਬਾਕੀ ਦਾ ਸਮਾਨ ਫੇਰ ਦੂਰ ਕਰਦੇ। ਸਾਹਿਬ ਸਰਦਾਰ ਸਬ ਖੜੇ ਜਾਇਕੇ। ਲੋਥ ਪਾਸ ਖੜੇ ਸਬ ਊਂਦੀ ਪਾਇਕੇ। ਜੁਵਾਨ ਸਾਰੇ ਫੇਰ ਡੇਰਿਆਂ ਨੂੰ ਆਂਵੰਦੇ। ਵਰਦੀ ਉਤਾਰ ਸ਼ਹਿਰ ਵਿਚ ਜਾਂਵੰਦੇ। ਸੰਤਾ ਸਿੰਘ ਹਾਲ ਲਿਖੀ ਤੂੰ ਬਨਾਇਕੇ। ਲੋਥ ਪਾਸ ਖੜੇ ਸਬ ਊਂਦੀ ਪਾਇਕੇ। ॥ ਦੋਹਿਰਾ ॥ ਹੁਣ ਬੈਠੇ ਨਾਲ ਅਰਮਾਨ ਦੇ ਨਾ ਕੋਈ ਕੰਮਨਾ ਕਾਰ। ਕਦੋਂ ਜਾਵਾਂਗੇ ਦੇਸ ਨੂੰ ਕਰਦੇ ਸਬ ਵਿਚਾਰ। ॥ ਦੋਹਿਰਾ ॥ ਇਕ ਦਿਨ ਆਏ ਸ਼ਹਿਰ ਸੇ ਆਈ ਮਊ ਸੇ ਤਾਰ। ਵਾਪਸ ਆਓ ਈਰਾਨ ਸੇ ਜਲਦੀ ਹੋ ਤਿਆਰ। ॥ ਵਾਪਸੀ। ਕਬਿਤ॥ ॥ ਚਵੀ ਮਾਰਚ ਦੀ ਆਈ ਤਾਂ ਸੁਨਾਈ ਇਕ ਹੋਰ ਬਾਤ ਚਲੋ ਸਮਾਨ ਸਾਥ ਫਾਲਤੂ ਨਾ ਜਾਵਣਾਂ ਕੰਬਲਾਂ ਤੇ ਬੂਟਾਂ

ਸਾਰੇ ਵੇਚਨੇ ਸ਼ੀਰਾਜ ਵਿਚ ਬੀਸ ਪੌਂਡ ਸਾਥ ਬਾਕੀ ਐਸ ਨਾ ਲਜਾਵੰਣਾਂ। ਵਰਦੀ ਸਮਾਨ ਕਿਦਾ ਵੇਚਦੇ ਲੜਾਈ ਵਿਚ ਏ ਤਾਂ ਏਵੇਂ ਹੁੰਦਾ ਸਾਹਿਬ ਲੋਕਾਂ ਦਾ ਡਰਾਵੰਣਾਂ। ਆਡਰ ਕਰਾਇਆ ਤਾਂ ਫੜਾਇਆ ਹਥ ਸੰਤਰੀ ਦੇ ਛੇਤੀ ਜਾਕੇ ਭੇਜ ਸੰਤਾਸਿੰਘ ਨੂੰ ਲਿਖਾਵੰਣਾਂ ॥ ਕਬਿੱਤ ॥ । ਛੇ ਤਾਂ ਤਰੀਕ ਅਪਰੈਲ ਵਿਚ ਆਵਣੀ ਹੈ ਕਰਨਾ ਹੈ ਕੂਚ ਜੀ ਸ਼ੀਰਾਜੋ ਛਾਓਣੀ ਆਂਵਣਾਂ। ਸੁਣਕੇ ਤਾਂ ਆਡਰ ਦਾ ਹਾਲ ਜੀ ਹਵਾਲ ਸਾਰਾ ਲਿਖਦੇ ਨੇ ਚਿਠੀਆਂ ਜਰੂਰ ਅਸਾਂ ਆਂਵਣਾਂ। ਇਕ ਮਾਰੇ ਵਾਜ ਦੂਜਾ ਆਖਦਾ ਤਿਆਰ ਯਾਰ ਅਜ ਮੈਨੂੰ ਕੰਮ ਜੀ ਬਜਾਰ ਵਿਚ ਜਾਵਣਾਂ। ਸੰਤਾਸਿੰਘ ਖੁਸ਼ੀ ਤਾਂ ਰਸਾਲਾ ਸਾਰਾ ਬਹੁਤ ਹੋਇਆ ਆਖਦੇ ਤਮਾਂਮ ਜੀ ਪੰਜਾਬ ਵਿਚ ਜਾਵਣਾਂ॥ ਕਬਿਤ॥ ਉਨੀ ਸੌ ਗਿਯਾਰਾਂ ਅਸੀਂ ਆਏ ਸਾਂ ਇਰਾਨ ਵਿਚ ਉਨੀਂ ਸੌ ਤੇਰਾਂ ਨੂੰ ਰਟੈਰ ਹੋਇ ਜਾਂਵਣਾਂ। ਜਦੋਂ ਇਸ ਜਗਾ ਸੇ ਸੁਵਾਰ ਹੋਏ ਘੋੜਿਆਂ ਤੇ ਦੇਖ ਦੇਖ ਸਾਰਿਆਂ ਗਰੀਬਾਂ ਰੌਲਾ ਪਾਂਵਣਾਂ। ਛਡ ਚਲੇ ਸ਼ਹਿਰ ਜੀ ਤਮਾਮ ਲੋਕੋ ਆਖਦੇ ਨੇ ਹਿੰਦੀਆਂ ਨੇ ਫੇਰ ਨਾ ਸ਼ੀਰਾਜ ਵਿਚ ਆਂਵਣਾਂ। ਸੰਤਾ ਸਿੰਘ ਅਜ਼ ਤੂੰ ਚਨਾਰਦੇ ਪੜਾ ਕਰ ਫੇਰ ਹਾਲ ਅਗੇ ਜੇੜਾ ਬੀਤੇਗਾ ਸੁਨਾਂਵਣਾਂ॥

ਕਬਿਤ॥ ਛਡਕੇ ਪੜਾ ਜੀ ਚਨਾਰਦਾ ਸੁਵਾਰ ਹੋਏ ਕੀਤਾਹੈ ਰਟੈਰ ਅਸਾਂ ਬੂਸ਼ਹਿਰ ਆਵਣਾਂ॥ ਕੋਈ ਨਾ ਲੜਾਈ ਤਾਂ ਫਸਾਦ ਹੈ ਈਰਾਂਨ ਵਿਚ ਸਾਡੇ ਸਾਥ ਇਕ ਜਗਰਾਂਮੀ ਵਿੰਗ ਆਵਣਾਂ। ਪੰਹੁਚ ਕੇ ਪੜਾ ਤੇ ਜੁਵਾਨ

ਸਾਰੇ ਆਖਦੇ ਨੇ ਮੁੜਕੇ ਨਾ ਅਸਾਂ ਜੀ ਈਰਾਨ ਵਿਚ ਆਂ-ਵਣਾਂ। ਛੇ ਅਪਰੈਲ ਸੰਤਾ ਸਿੰਘ ਨੇ ਕਰਾਇਆ ਕੂਚ ਸੋਲਾਂ ਅਪਰੈਲ ਬੂਸ਼ਹਿਰ ਪਹੁੰਚ ਜਾਵਣਾ ॥ ਕਬਿੱਤ ॥ ਆਇਆ ਡਾਕੂ ਦਾ ਜੀ ਗਾਂਮ ਕਾਜਰੂੰਨ ਜੀਦਾ ਨਾਮ ਲੋਕ ਦੇਖਕੇ ਤਮਾਮ ਜੀ ਪੜਾ ਉਤੇ ਆਇਕੇ। ਕੋਈ ਬੁਢੜੇ ਜੁਵਾਨ ਬਾਲ ਔਰਤਾਂ ਤ੍ਰਮਾਮ ਅੰਗ੍ਰੇਜ਼ੀ ਫੌਜ ਦੇਖ ਘਰ ਬਾਤਾਂ ਕਹਿਨ ਜਾਇਕੇ। ਮਹੰਮਦ ਅਲੀ ਗਿਆ ਦੂਰ ਜੀਦਾ ਬਹੁਤ ਸੀ ਕਸੂਰ ਘਰ ਛਡਿਆ ਤਾਂ ਪਹਾੜੀ ਚੜਾ ਜਾਇਕੇ। ਕੁਛ ਨਾ ਮਾਲੂਮ ਕੇੜਾ ਮੇਲਿਆ ਪਹਾੜ ਯਾਰੋ ਸੰਤਾ ਸਿੰਘ ਥੋੜਾ ਹਾਲ ਦਸਿਆ ਬਨਾਇਕੇ। ॥ ਕਬਿੱਤ ॥ ਮਹੰਮਦ ਅਲੀ ਸਰਦਾਰ ਸਾਥ ਡਾਕੂ ਨੇ ਹਜਾਰ ਕੋਈ ਆਵੇ ਨਾ ਸ਼ੁਮਾਰ ਦਿਨੇ ਰਾਤ ਡਾਕੇ ਮਾਰਦੇ। ਮਲੀ ਰਖਦੇ ਪਹਾੜ ਕੋਈ ਹੋਰ ਨਹੀਂ ਕਾਰ ਫੇਰ ਲੂਟਦੇਨੇ ਮਾਲ ਖੂੰਨ ਬਹੁਤ ਨੇ ਗੁਜਾਰਦੇ। ਪਾਸ ਗੋਲੀਆਂ ਬਰੂਦ ਸੂਟ ਪਹਿੰਨ ਦੇ ਅਮੀਰਾਂ ਵਾਲੇ ਫਿਰਦੇ ਬਜਾਰ ਵਿਚ ਸ਼ਾਹੂਕਾਰ ਤਾੜਦੇ। ਕੋਈ ਘਰ ਨਹੀਂ ਬਾਰ ਫੜੀ ਚੰਦਰੀ ਨੇ ਕਾਰ ਜੋ ਮਹੰਮਦ ਅਲੀ ਨਾਲ ਸੰਤਾ ਸਿੰਘ ਲਲਕਾਰਦੇ। ॥ ਕਬਿੱਤ ॥ ਵਿਚ ਕਾਜਰੂੰਨ ਵਿੰਗਾਰਿਹਾ ਜਰਾਰਾਮੀਆਂ ਦਾ ਆਖਦੇ ਜਰੂਰ ਮਹੰਮਦ ਅਲੀ ਨੂੰ ਲਿਜਾਵਣਾਂ। ਛੜਕੇ ਤੇ ਗਾਂਮ ਭਜਗਿਆ ਸੀ ਜੁਵਾਨ ਓਨ ਸੁਨਲਿਆ ਆਂਮ ਅੰਗ੍ਰੇਜ਼ੀ ਫੌਜ ਆਂਵਣਾਂ। ਰਸਤੇ ਦੇ ਵਿਚ ਕਨ ਕੋਈ ਨਾ ਹਲਾਵੰਦਾ ਜੀ ਬੂਸ਼ਹਿਰ ਸੋਲਾਂ ਜੀ ਤਰੀਕ ਪਹੁੰਚ ਜਾਵਣਾਂ। ਪਿਛਲਾ ਹਵਾਲ ਸੰਤਾ

ਸਿੰਘ ਨੇ ਸੁਨਾਇਆ ਸਾਰਾ ਸਤਰਾਂ ਤਰੀਕ ਲੈਫ ਵਿੰਗ ਨੂੰ ਝੜਾਂਵਣਾਂ ॥ਕਬਿੱਤ॥ ਸਤਾਰਾਂ ਨੂੰ ਲੈਫ ਵਿੰਗ ਚਾੜ੍ਹਿਆ ਜਹਾਜ ਵਿਚ ਰੈਟ ਵਿੰਗ ਸਾਰਾ ਫੇਰ ਬੂਸ਼ਹਿਰ ਰਹਿ ਗਿਆ ਦਸ ਰੋਜ ਬੂਸ਼ਹਿਰ ਕਟਨੇਰ ਮਾਨ ਨਾਲ ਜਾਣਲ ਗਾ ਫੇਰ ਕਰਨੈਲ ਸਾਹਿਬ ਕਹਿ ਗਿਆ। ਚਾੜ੍ਹਿਆ ਸਮਾਨ ਘੋੜੇ ਟਟੂ ਜੀ ਤੁਮਾਮ ਜਦੋਂ ਬੈਠ ਗਏ ਜੁਵਾਨ ਤਾਂ ਜਹਾਜ ਰਾਹੇ ਪੈ ਗਿਆ। ਛੇ ਵਜੇ ਸ਼ਾਮ ਨੂੰ ਜਹਾਜ ਫੇਰ ਚਲਿਆ ਸੀ ਸੰਤਾ ਸਿੰਘ ਆਖਦਾ ਬੰਬਈ ਰਾਹੇ ਲਏ ਗਿਆ। ॥ ਕਬਿੱਤ ॥ ਸਰਦਾਰਾਂ ਨੂੰ ਬੁ-ਲਾਇਆ ਤੇ ਸੁਨਾਇਆ ਆਪ ਸਾਹਿਬ ਲੋਕਾਂ ਸਾਰਾ ਜੀ ਸਮਾਨ ਉਤੇ ਘਾਟਦੇ ਪੁਚਾਵੰਣਾਂ। ਏਸ ਬਾਤ ਵਿਚ ਨਾ ਫਰਕ ਕਈ ਹੋਵਣਾਂ ਜੇ ਜਹਾਜ ਤਾਂ ਜਰੂਰ ਅਠਾਈ ਸ਼ਾਮ ਨੂੰ ਜੀ ਆਂਵਣਾਂ। ਇਕ ਘੈਂਟਾ ਪਹਿਲਾ ਭਰ ਕਿਸਤੀ ਤਿਆਰ ਕਰੋ ਫਾਲਤੂ ਸਮਾਨ ਵਿਚ ਜਹਾਜ ਦੇ ਪੁਚਾਵਣਾ। ਉਨੱਤੀ ਨੂੰ ਝੜਾਕੇ ਘੋੜੇ ਬੈਠ ਜਾਓ ਜਹਾਜ ਵਿਚ ਸੰਤਾ ਸਿੰਘ ਸ਼ਾਂਮ ਨੂੰ ਜਰੂਰ ਤੁਰ ਜਾਵਣਾਂ। ॥ ਕਬਿੱਤ ॥ ਛੇ ਵਜੇ ਸ਼ਾਂਮ ਨੂੰ ਜਹਾਜ ਤੁਰ ਚਲਿਆ ਜੀ ਮਾਰਦਾ ਸੀ ਸੀਟੀ ਮੂੰਹ ਪਿਛੇ ਨੂੰ ਭੁਆਇਕੇ। ਮੁਲਖ ਈਰਾਨ ਛਡ ਚਲਿਆ ਬੰਬਈ ਵਲ ਪਹੁੰਚੇ ਗਾ ਕਨਾਰੇ ਜੀ ਤਰੀਕ ਚਾਰ ਜਾਇਕੇ। ਦੇਖਿਆ ਜਹਾਜ ਫੇਰ ਆਵੇ ਨਾ ਸ਼ੁਮਾਰ ਕਈ ਵਿਚ ਮਿਸਕ-ਟ ਬੈਠੇ ਬੰਗਲੇ ਬਨਾਇਕੇ। ਸੰਤਾ ਸਿੰਘ ਦਸਨੀ ਤਰੀਫ ਫੇਰ ਦੋਸਤਾਂ ਨੂੰ ਦੇਖਿਆ ਹੁਵਾਲ ਜੋ ਜਹਾਜ ਵਿਚ ਜਾਇਕੇ। ॥ ਕਬਿੱਤ ॥ ਉਚੇ ਲੰਮੇ ਚੌੜੇ ਦੀ ਤਦਾਦ ਗਜ ਦਸਨਾ ਹਾਂ

ਦੋਸੈ ਦਸ ਲੰਮਾਂ ਗਜ ਦਿਲਮੇਂ ਵਿਚਾਰ ਜੀ। ਅਗੋਂ ਪਿਛੋਂ ਜਗਾ ਨ ਨਾਪਣੀ ਵਿਚ ਆਂਵਦੀਆ ਤੀਸ ਗਜ ਚੌੜਾ ਨਾਪ ਲਿਆ ਵਿਚਕਾਰ ਜੀ। ਉਨਕੇ ਤਮਾਮ ਚਾਰ ਵਜੇ ਕਮ ਲਗਦੇਨੇ ਦਸ ਵਜੇ ਤਕ ਤਾਂ ਸਫਾਈ ਨਿਤ ਕਾਰ ਜੀ। ਸੰਤਾਸਿੰਘ ਦੇਖ ਲੈ ਜਹਾਜ ਦੇ ਤੁਮਾਮ ਬੰਦੇ ਦੋ ਸੈ ਸਤਾਂਨਵੇਂ ਦਾ ਕਰਿਆ ਸ਼ੁਮਾਰ ਜੀ ॥ ਕਬਿੱਤ ॥ ਨੌ ਛਤਾਂ ਦੇਖੀਆਂ ਜਹਾਜ ਵਿਚ ਜਾਇਕੇ ਜੋ ਚੌਥੀ ਛਤ ਵਿਚ ਦਿਤੇ ਖੱਦਰ ਉਤਾਰ ਜੀ। ਫਸ ਔਰ ਸੈਕਨ ਬਨਾਏ ਨੇ ਅੰਮੀਰਾਂ ਲਈ ਪੰਜਵੀਂ ਜੀ ਛਤ ਦੇਖਲਿਆ ਹੈ ਬਜਾਰ ਜੀ। ਜਾਕੇ ਮਿਸਕੋਟ ਛਤ ਤੀਸਰੀ ਮੇਂ ਦੇਖਿਆ ਸੀ ਵਜਦਾ ਹੈ ਵਾਜਾ ਵਿਚ ਬਿਗਲ ਦੀ ਕਾਰ ਜੀ। ਸੰਤਾ ਸਿੰਘ ਦੇਖਲੈ ਜਹਾਜ ਦੇ ਤਮਾਮ ਬੰਦੇ ਦੋ ਸੈ ਸਤਾਂਨਵੇਂ ਦਾ ਕਰਿਆ ਸ਼ੁਮਾਰ ਜੀ। । ਕਬਿੱਤ ॥ ਅਵਲ ਤਮਾਮ ਛਤ ਪਾਂਨੀ ਸਾਥ ਰੋਕ ਰਖੀ ਦੂਸਰੀ ਦੇ ਵਿਚ ਤਾਂ ਸਮਾਨ ਬਿਸ਼ੁਮਾਰ ਜੀ। ਰਾਂਸ਼ਨ ਦਾ ਆਵੇ ਨਾ ਸ਼ੁਮਾਰ ਛਤ ਛੇਵੀਂ ਵਿਚ ਸਤਵੀਂ ਦੇ ਵਿਚ ਕਰੇ ਇੰਞਨ ਪੁਕਾਰ ਜੀ। ਅਠਵੀਂ ਤੁਮਾਮ ਛਤ ਘੋੜਿਆਂ ਦੇ ਬਣੇ ਥਾਂਨ ਹਵਾ ਬਹੁਤ ਆਵੇ ਸਚ ਆਖਿਆ ਵਿਚਾਰ ਜੀ। ਸੰਤਾ ਸਿੰਘ ਦੇਖ ਲੈ ਜਹਾਜ ਦੇ ਤਮਾਮ ਬੰਦੇ ਦੋਸੈ ਸਤਾਂਨ ਵੇਦਾਂ ਕਰਿਆ ਸ਼ੁਮਾਰ ਜੀ। ॥ ਕਬਿੱਤ ॥ ਨਾਵੀਂ ਛਤ ਵਿਚ ਕਪਤਾਂਨ ਸੀ ਜਹਾਜ ਵਾਲਾ ਅਗੋਂ ਪਿਛੋਂ ਲਗੀ ਵਿਚ ਬਿਜਲੀ ਦੀ ਤਾਰ ਜੀ। ਖੰਬਾ ਇਕ ਗਡਿਆ ਲੰਮਾਈ ਨਾ ਮੈਂ ਨਾਪ ਸਕਾਂ ਹਥ ਵਿਚ ਝੰਡੀ ਕਰੇ ਸੰਤਰੀ ਪੁਕਾਰ

ਜੀ। ਦੂਰਬੀਨ ਰਖਦਾ ਹਾਂ ਮੈਂ ਦਿਨੇ ਰਾਤ ਹਥ ਦੇਖਕੇ ਤੂਫਾਨ ਕਰੇ ਸਾਹਿਬ ਤਾਂਈ ਸਾਰਜੀ। ਸੰਤਾ ਸਿੰਘ ਦੇਖਲੈ ਜਹਾਜ ਦੇ ਤੁਮਾਮ ਬੰਦੇ ਦੋਸੈ ਸਤਾਨਵੇਂ ਦਾ ਕਰਿਆ ਸ਼ੁਮਾਰ ਜੀ। ॥ ਕਬਿੱਤ ॥ ਮਈ ਦੀ ਚਾਰ ਤੇਰਾਂ ਸੰਨ ਤੂੰ ਪਛਾਨ ਯਾਰ ਸੁਭੇ ਸਤ ਵਜੇ ਘੋੜੇ ਟਟੂ ਨੂੰ ਉਤਾਰਦੇ। ਜਟਰ ਤੁਮਾਮ ਨਾਮ ਲੋਕ ਸਾਰੇ ਆਖਦੇ ਨੇ ਜਹਾਜ ਵਾਲੇ ਨਾਮ ਜੀ ਕਰਾਨ ਨੇ ਪੁਕਾਰਦੇ। ਖਚਰਾਂ ਤੇ ਘੋੜੇ ਚਾਰ ਖਿਚਦਾ ਜਹਾਜ ਵਿਚੋਂ ਕਲਾ ਸੇ ਘੁਮਾਕੇ ਵਿਚ ਕਿਸਤੀ ਉਤਾਰ ਦੇ। ਬਾਰਾਂ ਵਜੇ ਕਰਿਆ ਜਹਾਜ ਖਾਲੀ ਸੰਤਾਸਿੰਘ ਡਬਿਆਂ ਦੇ ਪਾਸ ਬੈਠੇ ਚਿਤ ਮੈਂ ਵਿਚਾਰਦੇ। ॥ ਕਬਿੱਤ ॥ ਕੋਈ ਆਖੇ ਛੁਟੀ ਤਾਂ ਜਰੂਰ ਮੈਂਨੂੰ ਦਿਓ ਅਜ ਸ਼ਹਿਰ ਸੇ ਸਮਾਨ ਬਿਲਕੁਲ ਮੈਂ ਲਿਆਂਵਣਾਂ। ਕੋਈ ਆਖੇ ਦੇਖਣਾਂ ਬੰਬਈ ਸ਼ਹਿਰ ਅਸਾਂ ਅਜ ਸਬਬ ਨਾਲ ਆਏ ਫੇਰ ਕਿਸ ਤਰਾਂ ਆਂਵਣਾਂ। ਕੋਈ ਆਖੇ ਤਾਜ ਮਹਿਲ ਦੇਖਣਾ ਜਰੂਰ ਅਜ ਕਸਮ ਕਰਾਲੋ ਅਸਾਂ ਸ਼ਹਿਰ ਨਹੀਂ ਜਾਂਵਣਾਂ। ਹੋਇਕੇ ਲਚਾਰ ਛੁਟੀ ਦਿਤੀ ਸਰਦਾਰ ਫੇਰ ਆਖਿਆ ਪੁਕਾਰ ਤਾਂ ਪਛੜ ਸਬ ਜਾਂਵਣਾਂ। ॥ ਦੋਹਿਰਾ ॥ ਵਿਚ ਬੰਬਈ ਸ਼ਹਿਰ ਦੇ ਨਾਰਾਂ ਫਿਰਨ ਹਜ਼ਾਰ। ਹੁਸਨ ਓਨਾਂਦਾ ਬਹੁਤ ਹੈ ਕੀ ਕੁਛ ਆਖਾਂ ਯਾਰ। ॥ ਦੋਹਿਰਾ ॥ ਛੇ ਵਜੇ ਮੈਂ ਸ਼ਾਮ ਨੂੰ ਦੇਖੀਆਂ ਵਿਚ ਬਜਾਰ। ਸਾੜ੍ਹੀ ਰਖਣ ਰੇਸ਼ਮੀ ਗਲ ਫੁਲਾਂ ਦੇ ਹਾਰ। ॥ ਦੋਹਿਰਾ ॥ ਗਡੀ ਵਲ ਉਜੈਂਨ ਦੇ ਛੇਤੀ ਕਰ ਤਿਆਰ। ਬੰਬਈ ਨੂੰ ਤੂੰ ਛਡ

ਦੇ ਦਸ ਅਗੇ ਦੀ ਕਾਰ ॥ ਕੋਰੜਾ ਛੰਦ ॥

ਸਾਜੇ ਸੈਤ੍ਰ ਵਜੇ ਮਾਰਚ ਕਰਾਂਵਦੇ। ਇੰਜਨ ਲਗਾਕੇ ਗਡੀ ਨੂੰ ਘੁਮਾਂਵਦੇ। ਮਾਰਕੇ ਤਾਂ ਸੀਟੀ ਕਰਦੇ ਪੁਕਾਰ ਜੀ। ਬੈਠ ਜਾਓ ਤੁਮਾਮ ਗਡੀ ਹੈ ਤਿਆਰ ਜੀ। ਚਾਰ ਮਈ ਸ਼ਾਮ ਨੂੰ ਦਲੇ ਪਿਆਰਿਆ। ਉਜੈਨ ਸੁਭੇ ਛੇ ਮਈ ਨੂੰ ਉਤਾਰਿਆ। ਰੇਲ ਦਾ ਸਫਰ ਜਾਨ ਦੇ ਤਮਾਮ ਜੀ। ਕਿਸਾ ਸਾਰਾ ਪੜ੍ਹੋ ਲਾਇਕੇ ਧਿਆਨ ਜੀ। ਨਗਰੀ ਉਜੈਨ ਸੈਰ ਕੀਤਾ ਜਾਇਕੇ। ਬਿਕ੍ਰਮਜੀਤ ਗਿਆ ਸੀ ਬਨਾਇਕੇ। ਸਾਹੀਸ ਤਾਂ ਸੁਵਾਰ ਹੋ ਤੁਮਾਮਜਾਂਵਦੇ। ਦੇਖ ਦੇਖ ਸ਼ਹਿਰ ਸਬ ਮੁੜੇ ਆਂਵਦੇ। ਅਠ ਮਈ ਅਠ ਵਜੇ ਛਾਉਣੀ ਆਇਕੇ। ਮਿਲੇ ਨੇ ਤੁਮਾਮ ਜਫੀਆਂ ਜੀ ਪਾਇਕੇ। ਬੈਠਦੇਨੇ ਪਾਸ ਫੇਰ ਯਾਰ ਆਇਕੇ। ਗਲਾਂ ਸਭ ਕਰਨ ਬਹੁਤ ਪ੍ਰੀਤ ਪਾਇਕੇ। ਮੁਲਕ ਈਰਾਨ ਦੀ ਸੁਨਾਓ ਕੋਈ ਜੀ। ਵਿੱਚ ਤਾਂ ਸੀਰਾਜ ਬਾਤ ਕੈਸੀ ਹੋਈ ਜੀ। ਛਾਉਣੀ ਵਿਚ ਫੇਰ ਦਿਨ ਹੋਏ ਚਾਰ ਜੀ। ਐਤਵਾਰ ਸਬ ਕਠੇ ਹੋਏ ਯਾਰ ਜੀ। ਆਖਦੇ ਜਰੂਰ ਅਸੀਂ ਨਹੀਂ ਹਲਦੇ। ਕਿਸਾ ਛੇਤੀ ਲਿਖਕੇ ਲਾਹੌਰ ਘਲਦੇ। ਸੈਤਾਸਿੰਘ ਪਤਾ ਅਪਨਾ ਬਤਾਂਵਨਾ। ਬਸ ਕਰ ਯਾਰ ਅਗੇ ਨਾ ਵਧਾਂਵਨਾ॥

ਕਵੀਸ਼ਰ ਦਾ ਪਤਾ

ਕੋਰੜਾ ਛੰਦ

ਪਿੰਡ ਦਾ ਮੈਂ ਨਾਮ ਜੀ ਜਰੂਰ ਦਸਦਾ। ਭਾਖਨਾ ਕਲਾਂ ਸੈਤਾਸਿੰਘ ਵਸਦਾ। ਜਿਲਾ ਮੇਰਾ ਸਜਨ ਤਮਾਮ ਜਾਂਨਦੇ। ਲੋਕ ਨੇ ਸ਼ੌਕੀਨ ਰੋਜ ਮੌਜ ਮਾਂਨਦੇ। ਦੇਖ ਦੇਖ ਮੈਨੂੰ ਜੀ ਜਗਤ ਹਸਦਾ। ਭਾਖਨਾ ਕਲਾਂ ਸੈਤਾ ਸਿੰਘ ਵਸਦਾ। ਠਾਣਾਂ ਹੈ ਘਰਿੰਡਾ ਲਾਹੌਰੀ ਮਲ ਆਖਦਾ। ਭਾਖਨਾ ਗਰਾਂਮ ਜੀ ਮੈਂ ਸਚ ਭਾਖਦਾ। ਬਾਪਦਾ ਜੀ ਨਾਮ ਸੁੰਦਰ ਸਿੰਘ ਦਸਦਾ। ਭਾਖਨਾ ਕਲਾਂ ਸੈਤਾਸਿੰਘ ਵਸਦਾ। ਜਿਲਾ ਅੰਮ੍ਰਿਤਸਰ ਸਾਰਿਆਂ ਨੂੰ ਦਸਿਆ। ਤਸੀਲ ਤਰਨ ਤਾਰਨ ਲਗੇ ਬਹੁਤ ਮਸਿਆ। ਰਾਜ ਅੰਗਰੇਜੀ ਸੁਖ ਨਾਲ ਵਸਦਾ। ਭਾਖਨਾ ਕਲਾਂ ਸੈਤਾਸਿੰਘ ਵਸਦਾ। ਛੰਦ ਬੰਦ ਜੋੜਨੇ ਦੀ ਨਹੀਂ ਹੋਸ਼ ਜੀ। ਲਗ ਕੰਨਾ ਕਿਸੇ ਵਿਚ ਲੈਣਾ ਸੋਧ ਜੀ। ਛੋਟਾ ਭਾਈ ਮੇਰਾ ਪੂਰਨ ਸਿੰਘ ਦਸਦਾ। ਭਾਖਨਾ ਕਲਾਂ ਸੈਤਾ ਸਿੰਘ ਵਸਦਾ। ਕਢਨੀ ਨਾ ਗਾਲ ਭੁਲ ਮਾਫ ਕਰਨੀ। ਦੋਵੇਂ ਹਥ ਜੋੜ ਲਾਵਾਂ ਗੁਰਾਂ ਚਰਨੀ। ਜੇੜਾ ਹਾਲ ਦੇਖਿਆ ਸਾਰਾ ਜੀ ਦਸਦਾ। ਭਾਖਨਾ ਕਲਾਂ ਸੈਤਾ ਸਿੰਘ ਵਸਦਾ। ਜੋਗਾ ਸਿੰਘ ਯਾਰ ਕਿਸਾ ਸੁਧ ਕਰਦਾ। ਕਲਮ ਦੁਵਾਤ ਜਦੋਂ ਹਥ ਫੜਦਾ। ਬਾਈ ਰੋਜ ਵਿਚ ਹਾਲ ਸਾਰਾ ਦਸਦਾ। ਭਾਖਨਾ ਕਲਾਂ ਸੈਤਾ ਸਿੰਘ ਵਸਦਾ। ਜਿਤਨਾ ਹਵਾਲ ਡਿਠਾ ਮੈਂ ਲਾਂਮਦਾ। ਜੇੜਾ ਹਾਲ ਅਖੀਂ ਦੇਖਿਆ ਈਰਾਂਨ ਦਾ। ਸੁਨਕੇ ਤਮਾਮ ਜੀ ਚੁਪ ਹਸਦਾ। ਭਾਖਨਾ ਕਲਾਂ ਸੈਤਾਸਿੰਘ ਵਸਦਾ। ਇਕ ਮੇਰੇ ਘਰ ਗੁਰੂ ਦਿਤਾ ਲਾਲ ਜੀ। ਤਾਰਾ ਸਿੰਘ ਨਾਮ ਰਖਿਆ ਸੀ ਬਾਲ ਜੀ। ਪੜੇ ਅੰਗ੍ਰੇਜੀ ਜੀ ਮਿਡਲ ਦਸਦਾ। ਭਾਖਨਾ ਕਲਾਂ ਸੈਤਾ ਸਿੰਘ ਵਸਦਾ॥

ਸੰਪੂਰਨ

ਚਮਕਦਾ ਹੀਰਾ—ਯਾਂ ਜੀਵਨ ਬ੍ਰਿਤਾਂਤ ਸਰਦਾਰ ਹਰੀ ਸਿੰਘ

ਜੀਦੇ ਜ਼ਿੰਦਗੀ ਦੇ ਸੱਚੇ ਤੇ ਪੂਰੇ ੨ ਹਾਲਾਤ, ਏਸ ਪੁਸਤਕ ਵਿੱਚ ਸੂਦਾਰ ਜੀ ਦੀ ਅਦੁੱਤੀ ਬਹਾਦਰੀਆਂ ਦਾ ਫੋਟੋ ਖਿੱਚਕੇ ਦਸਿਆ ਹੈ ਤੇ ਉਨ੍ਹਾਂ ਦੇ ਬੀਰ ਰਸ ਦੇ ਕਾਰਨਾਮੇ ਅਜੇਹੀ ਮਿਠੀ ਤੇ ਮਨਮੋਹਨੀ ਪੰਜਾਬੀ ਵਿਚ ਲਿਖੇ ਹਨ ਜੋ ਪੜ੍ਹਨ ਵਾਲੇ ਦੇ ਮਨ ਵਿਚ ਹੁਲਾਸ ਤੇ ਉਮੰਗ ਪੈਦਾ ਹੁੰਦੀ ਹੈ, ਚਿੱਤ ਇਸ ਤਰਾਂ ਖਿੱਚਦਾ ਜਾਂਦਾ ਹੈ ਕੇ ਬਨਾਂ ਮੁਕਾਏ ਦੇ ਛਡਨ ਨੂੰ ਜੀ ਨਹੀਂ ਕਰਦਾ, ਏਸ ਪੁਸਤਕ ਦੀ ਬੜੀ ਹੀ ਲੋੜ ਸੀ, ਭਾਵੇਂ ਕਈ ਅੰਗ੍ਰੇਜ਼ੀ ਤੇ ਕਈ ਹੋਰ ਇਤਹਾਸਕਾਰਾਂ ਨੇ ਏਸ ਮਹਾਨ ਸੂਰਬੀਰ ਦੇ ਕੁਝ ੨ ਹਾਲ ਆਪਣੀਆਂ ਕਿਤਾਬਾਂ ਵਿਚ ਲਿਖੇ ਹਨ ਪਰ ਕੋਈ ਅਜੇਹੀ ਸਿਲਸਿਲੇ ਵਾਰ ਮੁਕੰਮਲ ਕਿਤਾਬ ਅੱਜ ਤਕ ਕਿਧਰੇ ਨਾਂ ਸੀ ਛਪੀ.

ਦੁਨੀਆਂ ਦੇ ਸੂਰਬੀਰਾਂ ਤੇ ਬਹਾਦੁ ਪਰਉਪਕਾਰੀਆਂ ਵਿੱਚ ਜਾ ਸਰਦਾਰ ਹਰੀ ਸਿੰਘ ਜੀ ਦਾ ਨਾਮ ਹਮੇਸ਼ਾਂ ਚਮਕੇਗਾ ਪਰ ਉਨ੍ਹਾਂ ਦੀ ਸੂਰਮਤਾ ਦੇ ਕਾਰਨਾਮੇ ਲੋਕਾਂ ਦੇ ਦਿਲਾਂ ਵਿਚੋਂ ਹੌਲੀ ੨ ਗੁੰਮ ਹੁੰਦੇ ਜਾਂਦੇ ਸਨ, ਜਿਨਾਂ ਨੂੰ ਇਸ ਪੁਸਤਕ ਦੇ ਕਰਤਾ ਨੇ ਇਕ ਪੱਕੀ ਯਾਦਗਾਰ ਕਾਇਮ ਕਰ ਦਿਖਾਯਾ ਹੈ.

ਹਰੇਕ ਮਰਦ ਤੇ ਇਸਤ੍ਰੀ ਬ੍ਰਿਧ ਹੋਵੇ ਜਾਂ ਜੁਵਾਨ ਏਹ ਪੁਸਤਕ ਜ਼ਰੂਰ ੨ ਪਾਸ ਰਖੇ ਤੇ ਪੜ੍ਹਕੇ ਪਰੋਪਕਾਰੀ ਜੀਵਨ ਬਨਾਵੇ, ਇਸ ਵਿੱਚ ੮੧ ਪੁਸ਼ਨਟ ਹਨ ਤੇ ਮੁੱਲ॥।)

ਸ੍ਰੀ ਹਜ਼ੂਰ ਜੰਗੀ ਲਾਟ ਸਾਹਿਬ ਬਹਾਦਰ ਹਿੰਦ ਵੀ ਇਸ ਕਿਤਾਬ ਦੀ ਆਪਣੀ ਚਿੱਠੀ ਨੰਬਰ ੩੨੦੧ ਮੀ ੨੪ ਅਕਤੂਬਰ ੧੯੦੫ ਵਿੱਚ ਬੜੀ ਤਾਰੀਫ਼ ਲਿਖਦੇ ਹਨ

ਪਤਾ—ਭਾਈ ਅਮਰ ਸਿੰਘ, ਮੈਨੇਜਰ ਮੈਫ਼ਲ ਪ੍ਰੈਸ, ਲਾਹੌਰ

ਮਜ਼ਬੂਤ ਸੁੰਦ ਤੇ ਠੀਕ ਵਕਤ ਦੇਨ ਵਾਲੀਆਂ

ਅਮ੍ਰੀਕਨ ਵਿੰਗ੍ਰੇਸਲ ਘੜੀਆਂ



ਜਿਨ੍ਹਾਂ ਦੇ ਢੈਲ ਤੇ ਖਾਲਸਾ ਨਿਸ਼ਾਨ ਤੁਪਕ, ਤਬਰ, ਕ੍ਰਿਪਾਨ, ਤੀਰ ਸੈਹਥੀ ਖੰਡਾ, ਖੜਗ [illegible] ਸੁੰਦ੍ਰ ਬਨਵਾਏ ਗਏ ਹਨ, ਤੇ ਬੜੇ ਖਰਚ ਨਾਲ

ਜੇਕਰ ਸੰਭਾਲ ਕੇ ਵਰਤੋ ਤਾਂ ਸਾਥ ਦੇਵੇਗੀ. ਰੰਗ ਸੋਨੇ ਜੈਸਾ

ਏਹ ਘੜੀ ਚਿਰ ਤਕ ਪੂਰਾ ੨ ਪਾ), ਤੋਪ ਦੀ ਧਾਤ ਜੈਸਾ ਪਾ)

ਛੀ ਘੜੀਆਂ ਦੇ ਖਰੀਦਾਰ ਨੂੰ ਇੱਕ ਘੜੀ ਮੁਫਤ, ਏਹ ਘੜੀ ਅਜੇਹੀ ਖੂਬ ਸੂਰਤ ਤੇ ਪਾਏਦਾਰ ਹੈ ਕਿ ਜਿਸ ਸ਼ਹਿਰ ਵਿੱਚੋਂ ਕਿਸੇ ਨੇ ਇਕ ਘੜੀ ਮੰਗਾਈ ਹੈ, ਉਥੋਂ ਕਈ ੨ ਆਰਡਰ ਆਏ ਹਨ. ਘੜੀਆਂ ਲਈ ਸਭ ਤ੍ਰਾਂ ਦੀ ਲਿਖਤ ਪੜ੍ਹਤ ਦਾ ਪਤਾ

ਯਾਦ ਰੱਖਣਾ ☞ ਭਾਈ ਹਰਸਰਨ ਸਿੰਘ

ਮੈਫ਼ਲ ਹਾਉਸ, ਅਨਾਰਕਲੀ, ਲਾਹੌਰ.